Samaj Weekly

ਸਮਾਜ ਵੀਕਲੀ

Punjabi, Hindi & English Newspaper - UK & EU Edition

Vol : 4 : # ਅੰਕ 159 | 03/11/2025 | www.samajweekly.com | samajweekly | @samajweekly | samajweekly


# ਭਾਰਤੀ ਮਹਿਲਾ ਕ੍ਰਿਕਟ ਟੀਮ ਨੇ ਰਚਿਆ ਇਤਿਹਾਸ, ਜਿੱਤਿਆ ਮਹਿਲਾ ਵਨਡੇ ਵਿਸ਼ਵ ਕੱਪ

## ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾਇਆ, ਸ਼ੈਫਾਲੀ ਵਰਮਾ ਨੇ ਲਈਆਂ ਦੋ ਵਿਕਟਾਂ, ਬਣੀ 'ਪਲੇਅਰ ਆਫ਼ ਦ ਫਾਈਨਲ'

**ਨਵੀਂ ਦਿਲੀ।**47 ਸਾਲਾਂ ਦੇ ਇੰਤਜ਼ਾਰ ਤੋਂ ਬਾਅਦ, ਭਾਰਤੀ ਮਹਿਲਾ ਟੀਮ ਨੇ ਆਖਰਕਾਰ ਇਤਿਹਾਸ ਰਚ ਦਿੱਤਾ। ਭਾਰਤੀ ਮਹਿਲਾ ਟੀਮ ਨੇ ਐਤਵਾਰ ਨੂੰ ਫ਼ਾਈਨਲ ਵਿੱਚ ਦੱਖਣੀ ਅਫ਼ਰੀਕਾ ਨੂੰ 52 ਦੌੜਾਂ ਨਾਲ ਹਰਾ ਕੇ ਆਪਣਾ ਪਹਿਲਾ ਇੱਕ ਰੋਜ਼ਾ ਵਿਸ਼ਵ ਕੱਪ ਖਿਤਾਬ ਜਿੱਤਿਆ। 21 ਸਾਲਾ ਸ਼ੈਫਾਲੀ ਵਰਮਾ, ਜਿਸ ਨੇ 87 ਦੌੜਾਂ ਬਣਾਈਆਂ ਅਤੇ ਦੋ ਮਹੱਤਵਪੂਰਨ ਵਿਕਟਾਂ ਲਈਆਂ, ਨੂੰ ਪਲੇਅਰ ਆਫ਼ ਦ ਫਾਈਨਲ ਐਲਾਨਿਆ ਗਿਆ। ਦੱਖਣੀ ਅਫਰੀਕਾ ਨੇ ਡੀਵਾਈ ਪਾਟਿਲ ਸਟੇਡੀਅਮ ਵਿੱਚ ਪਹਿਲਾਂ ਗੇਂਦਬਾਜ਼ੀ ਕਰਨ ਦਾ ਫ਼ੈਸਲਾ ਕੀਤਾ। ਭਾਰਤ ਨੇ 7 ਵਿਕਟਾਂ 'ਤੇ 298 ਦੌੜਾਂ ਬਣਾਈਆਂ। ਸ਼ੈਫਾਲੀ ਨੇ 87,




ਦੀਪਤੀ ਸ਼ਰਮਾ ਨੇ 58, ਸਮ੍ਰਿਤੀ ਮੰਧਾਨਾ ਨੇ 45 ਅਤੇ ਰਿਚਾ ਘੋਸ਼ ਨੇ 34 ਦੌੜਾਂ ਬਣਾਈਆਂ। ਦੱਖਣੀ ਅਫਰੀਕਾ ਲਈ ਅਯਾਬੋਂਗਾ ਖਾਕਾ ਨੇ ਤਿੰਨ ਵਿਕਟਾਂ ਲਈਆਂ।ਵੱਡੇ ਟੀਚੇ ਦਾ ਸਾਹ-ਮਣਾ ਕਰਦਿਆਂ, ਦੱਖਣੀ ਅਫ਼ਰੀਕਾ 246 ਦੌੜਾਂ 'ਤੇ ਆਲ ਆਊਟ ਹੋ ਗਿਆ। ਕਪਤਾਨ ਲੌਰਾ ਵੋਲਵਾਰਡਟ ਨੇ ਆਪਣਾ ਲਗਾਤਾਰ ਦੂਜਾ ਸੈਂਕੜਾ ਲਗਾਇਆ ਪਰ ਆਪਣੀ ਟੀਮ ਨੂੰ ਜਿੱਤ ਵੱਲ ਲੈ ਜਾਣ ਤੋਂ ਪਹਿਲਾਂ ਹੀ ਉਹ ਆਊਟ ਹੋ ਗਈ। ਭਾਰਤ ਦੀ ਪਾਰਟ-ਟਾਈਮ ਆਫ-ਸਪਿਨਰ, ਸ਼ੈਫਾਲੀ ਵਰਮਾ ਨੇ ਦੋ ਵਿਕਟਾਂ ਲੈ ਕੇ ਮੈਚ ਦਾ ਪਾਸਾ ਪਲਟ ਦਿੱਤਾ। ਇਸ ਦੌਰਾਨ, ਦੀਪਤੀ ਸ਼ਰਮਾ ਨੇ ਪੰਜ ਵਿਕਟਾਂ ਲੈ ਕੇ ਟੀਮ ਨੂੰ ਜਿੱਤ ਦਿਵਾਈ ਅਤੇ ਉਸ ਨੂੰ ਟੂਰਨਾਮੈਂਟ ਦਾ ਸਰਵੋਤਮ ਖਿਡਾਰੀ ਚੁਣਿਆ ਗਿਆ।

# ਸੈਨੇਟ ਮਸਲਾ: ਅਦਾਲਤ ਦਾ ਦਰਵਾਜ਼ਾ ਖੜਕਾਏਗੀ ਪੰਜਾਬ ਸਰਕਾਰ

**ਚੰਡੀਗੜ੍ਹ।** ਮੁੱਖ ਮੰਤਰੀ ਭਗਵੰਤ ਮਾਨ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਸੈਨੇਟ ਭੰਗ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕੀਤੇ ਜਾਣ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਸ ਨੋਟੀਫਿਕੇਸ਼ਨ ਨਾਲ ਭਾਜਪਾ ਦਾ ਪੰਜਾਬ ਵਿਰੋਧੀ ਚਿਹਰਾ ਮੁੜ ਤੋਂ ਸਾਹਮਣੇ ਆ ਗਿਆ ਹੈ। ਮਾਨ ਨੇ ਪੰਜਾਬ ਅਤੇ ਦੇਸ਼ ਵਾਸੀਆਂ ਦੇ ਨਾਮ ਵੀਡੀਓ ਸੁਨੇਹਾ ਜਾਰੀ ਕਰਦਿਆਂ ਕਿਹਾ ਕਿ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਭੰਗ ਕਰ ਕੇ ਪੰਜਾਬ ਦੇ ਅਧਿਕਾਰਾਂ ਨੂੰ ਖੋਰਾ ਲਾਉਣ ਦੀ ਕੋਸ਼ਿਸ਼ ਕੀਤੀ ਹੈ ਅਤੇ ਇਹ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਸਬੰਧੀ ਜਾਰੀ ਕੀਤਾ ਗਿਆ ਨੋਟੀਫਿਕੇਸ਼ਨ ਗੈਰ-ਸੰਵਿਧਾਨਕ ਹੈ, ਜਿਸ ਵਿਰੁੱਧ ਪੰਜਾਬ ਸਰਕਾਰ ਵੱਲੋਂ ਹਾਈ ਕੋਰਟ ਤੇ ਸੁਪਰੀਮ ਕੋਰਟ ਤੱਕ ਦਾ ਦਰਵਾਜ਼ਾ ਖੜਕਾਇਆ ਜਾਵੇਗਾ। ਪੰਜਾਬ ਸਰਕਾਰ ਇਸ ਮਾਮਲੇ ਸਬੰਧੀ ਕਾਨੂੰਨੀ ਮਾਹਿਰਾਂ ਨਾਲ ਚਰਚਾ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀ ਲੋਕ ਸਭਾ ਅਤੇ ਕਿਸੇ ਵੀ ਸੂਬੇ ਦੀ ਵਿਧਾਨ ਸਭਾ ਵੱਲੋਂ ਬਣਾਏ ਗਏ ਐਕਟ ਨੂੰ ਇੱਕ ਨੋਟੀਫਿਕੇਸ਼ਨ ਰਾਹੀਂ ਰੱਦ ਨਹੀਂ ਕੀਤਾ ਜਾ ਸਕਦਾ, ਪਰ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੇ ਮਾਮਲੇ ਵਿੱਚ ਅਜਿਹੀ ਧੱਕੇਸ਼ਾਹੀ ਕੀਤੀ ਹੈ। ਭਾਜਪਾ ਨੇ ਪਹਿਲਾਂ ਵੀ ਪੰਜਾਬ ਯੂਨੀਵਰਸਿਟੀ ’ਤੇ ਆਪਣੇ ਅਧਿਕਾਰ ਵਧਾਉਣ ਦੀ ਕੋਸ਼ਿਸ਼ ਕੀਤੀ ਸੀ। ਉਸ ਸਮੇਂ ਹਰਿਆਣਾ ਆਪਣਾ ਹੱਕ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਇਸ ਦੌਰਾਨ ਦੋ ਮੀਟਿੰਗ ਹੋਈਆਂ ਸਨ, ਜਿਸ ਵਿੱਚ ਦੋਹਾਂ ਸੂਬਿਆਂ ਦੇ ਰਾਜਪਾਲ, ਮੁੱਖ ਮੰਤਰੀ ਤੇ ਅਧਿਕਾਰੀ ਸ਼ਾਮਲ ਹੁੰਦੇ



ਸਨ। ਮੀਟਿੰਗ ਵਿੱਚ ਭਾਜਪਾ ਦੀ ਅਗਵਾਈ ਹੇਠਲੀ ਡਬਲ ਇੰਜਣ ਸਰਕਾਰ ਵੱਲੋਂ ਪੰਚਕੂਲਾ, ਯਮੁਨਾਨਗਰ ਤੇ ਅੰਬਾਲਾ ਦੇ ਕਾਲਜਾਂ ਨੂੰ ਪੰਜਾਬ ਯੂਨੀਵਰਸਿਟੀ ਅਧੀਨ ਲਿਆਉਣ ਦੀ ਮੰਗ ਕੀਤੀ ਗਈ ਸੀ। ਇਸ ਦਾ ਪੰਜਾਬ ਨੇ ਵਿਰੋਧ ਕੀਤਾ ਸੀ ਕਿਉਂਕਿ ਹਰਿਆਣਾ ਨੇ ਕੁਰੂਕਸ਼ੇਤਰ ਯੂਨੀਵਰਸਿਟੀ ਬਣਾਉਣ ਤੋਂ ਬਾਅਦ ਆਪਣੇ ਸਾਰੇ ਕਾਲਜ ਪੀ ਯੂ ਦੀ ਅਧੀਨਤਾ ਤੋਂ ਬਾਹਰ ਲੈ ਆਉਂਦੇ ਸਨ, ਜਦੋਂ ਕਿ ਪੰਜਾਬ ਦੇ 170 ਕਾਲਜ ਪੰਜਾਬ ਯੂਨੀਵਰਸਿਟੀ ਅਧੀਨ ਹਨ। ਉਨ੍ਹਾਂ ਕਿਹਾ ਕਿ ਭਾਜਪਾ ਦਾ ਮਕਸਦ ਕਾਲਜਾਂ ਨੂੰ ਯੂਨੀਵਰਸਿਟੀ ਨਾਲ ਜੋੜਨਾ ਨਹੀਂ ਸੀ, ਬਲਕਿ ਹਰਿਆਣਾ ਦੇ ਆਪਣੇ ਬੰਦਿਆਂ ਨੂੰ ਸੈਨੇਟ ਮੈਂਬਰ ਬਣਾਉਣਾ ਸੀ ਪਰ ਪੰਜਾਬ ਨੇ ਅਜਿਹਾ ਨਹੀਂ ਹੋਣ ਦਿੱਤਾ ਸੀ।

# ਜੋਧਪੁਰ ’ਚ ਭਾਰਤ ਮਾਲਾ ਐਕਸਪ੍ਰੈਸ ਵੇਅ ਉਤੇ ਵਾਪਰਿਆ ਭਿਆਨਕ ਹਾਦਸਾ, 18 ਮੌਤਾਂ

**ਜੋਧਪੁਰ** । ਰਾਜਸਥਾਨ ਦੇ ਜੋਧਪੁਰ ’ਚ ਐਤਵਾਰ ਰਾਤ ਨੂੰ ਭਾਰਤ ਮਾਲਾ ਐਕਸਪ੍ਰੈਸ ਵੇਅ ਉਤੇ ਇਕ ਟੈਂਪੂ ਟਰੈਵਲਰ ਨੇ ਖੜ੍ਹੇ ਟਰੱਕ ਵਿਚ ਟੱਕਰ ਮਾਰ ਦਿਤੀ, ਜਿਸ ਕਾਰਨ 18 ਲੋਕਾਂ ਦੀ ਮੌਤ ਹੋ ਗਈ ਅਤੇ ਤਿੰਨ ਹੋਰ ਜ਼ਖਮੀ ਹੋ ਗਏ। ਫਲੋਦੀ ਦੇ ਪੁਲਿਸ ਸੁਪਰਡੈਂਟ ਕੁੰਦਨ ਕੰਵਰੀਆ ਨੇ ਦਸਿਆ ਕਿ ਪੀੜਤ ਲਗਭਗ 220 ਕਿਲੋਮੀਟਰ ਦੂਰ ਕੋਲਾਇਤ ਮੰਦਰ ਦੇ ਦਰਸ਼ਨ ਕਰਨ ਤੋਂ ਬਾਅਦ ਜੋਧਪੁਰ ਪਰਤ ਰਹੇ ਸਨ। ਮਾਰੇ ਗਏ ਸਾਰੇ ਲੋਕ ਫਲੋਦੀ ਇਲਾਕੇ ਦੇ ਵਸਨੀਕ ਸਨ। ਜ਼ਖਮੀਆਂ ਨੂੰ ਪਹਿਲਾਂ ਨੇੜਲੇ ਹਸਪਤਾਲ ਲਿਜਾਇਆ ਗਿਆ ਅਤੇ ਬਾਅਦ ਵਿਚ ਵਿਸ਼ੇਸ਼ ਇਲਾਜ ਲਈ ਗ੍ਰੀਨ ਕੋਰੀਡੋਰ ਰਾਹੀਂ ਜੋਧਪੁਰ ਲਿਜਾਇਆ ਗਿਆ। ਪੁਲਿਸ ਦੇ ਡਿਪਟੀ ਸੁਪਰਡੈਂਟ ਅਚਲ ਸਿੰਘ ਦੇਵੜਾ ਨੇ ਦਸਿਆ ਕਿ ਤੇਜ਼ ਰਫਤਾਰ ਟੈਂਪੂ ਟਰੈਵਲਰ ਖੜ੍ਹੇ ਟਰੱਕ ਨਾਲ ਇੰਨੀ ਤਾਕਤ ਨਾਲ ਟਕਰਾ



ਗਿਆ ਕਿ ਇਹ ਪੂਰੀ ਤਰ੍ਹਾਂ ਟੁੱਟ ਗਿਆ। ਕਈ ਮੁਸਾਫ਼ਰ ਅੰਦਰ ਹੀ ਫਸ ਗਏ। ਸਥਾਨਕ ਵਸਨੀਕਾਂ ਅਤੇ ਸੜਕ ਤੋਂ ਲੰਘ ਰਹੇ ਲੋਕਾਂ ਦੀ ਮਦਦ ਨਾਲ ਪੁਲਿਸ ਟੀਮਾਂ ਨੇ ਲਾਸ਼ਾਂ ਨੂੰ ਬਾਹਰ ਕੱਢਣ ਅਤੇ ਜ਼ਖਮੀਆਂ ਦੀ ਸਹਾਇਤਾ ਲਈ ਬਚਾਅ ਕਾਰਜ ਕੀਤੇ। ਫਲੋਦੀ ਦੇ ਸਟੇਸ਼ਨ ਹਾਊਸ ਅਫ਼ਸਰ ਅਮਨਾਰਾਮ ਨੇ ਕਿਹਾ, ‘‘ਟੱਕਰ ਏਨੀ ਜ਼ੋਰ ਦੀ ਸੀ ਕਿ ਲਾਸ਼ਾਂ ਸੀਟਾਂ ਉਤੇ ਹੀ ਫਸ ਗਈਆਂ। ਉਨ੍ਹਾਂ ਨੂੰ ਹਟਾਉਣ ਲਈ ਬਹੁਤ ਮਿਹਨਤ ਕਰਨੀ ਪਈ।’’ ਜੋਧਪੁਰ ਦੇ ਪੁਲਿਸ ਕਮਿਸ਼ਨਰ ਓਮ ਪ੍ਰਕਾਸ਼ ਮਥੁਰਾਦਾਸ ਮਾਥੁਰ ਅਤੇ ਸੁਪਰਡੈਂਟ ਵਿਕਾਸ ਰਾਜਪੁਰੋਹਿਤ ਨੇ ਜ਼ਖਮੀਆਂ ਦੀ ਡਾਕਟਰੀ ਦੇਖਭਾਲ ਲਈ ਹਸਪਤਾਲ ਦਾ ਦੌਰਾ ਕੀਤਾ। ਬਚਾਅ ਅਤੇ ਰਾਹਤ ਕਾਰਜ ਜਾਰੀ ਹਨ ਕਿਉਂਕਿ ਅਧਿਕਾਰੀ ਪੀੜਤਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਦੇ ਪਰਵਾਰਾਂ ਨੂੰ ਸੂਚਿਤ ਕਰਨ ਲਈ ਕੰਮ ਕਰ ਰਹੇ ਹਨ।

## ਨਿਊਜ਼ੀਲੈਂਡ ਦੇ ਕੇਨ ਵਿਲੀਅਮਸਨ ਨੇ ਟੀ-20 ਅੰਤਰਰਾਸ਼ਟਰੀ ਕ੍ਰਿਕਟ ਤੋਂ ਲਿਆ ਸੰਨਿਆਸ

ਨਿਊਜ਼ੀਲੈਂਡ । ਨਿਊਜ਼ੀਲੈਂਡ ਦੇ ਦਿੱਗਜ਼ ਬੱਲੇਬਾਜ਼ ਅਤੇ ਕਪਤਾਨ ਕੇਨ ਵਿਲੀਅਮਸਨ ਨੇ ਟੀ-20 ਅੰਤਰਰਾਸ਼ਟਰੀ ਕ੍ਰਿਕਟ ਤੋਂ ਸੰਨਿਆਸ ਲੈਣ ਦਾ ਐਲਾਨ ਕਰ ਦਿੱਤਾ ਹੈ। ਵਿਲੀਅਮਸਨ ਨੇ ਨਿਊਜ਼ੀਲੈਂਡ ਦੇ ਲਈ 2500 ਤੋਂ ਵੱਧ ਦੌੜਾਂ ਬਣਾਈਆਂ। ਵਿਲੀਅਮਸਨ ਟੀ-20 ਅੰਤਰਰਾਸ਼ਟਰੀ ਕ੍ਰਿਕਟ ’ਚ ਨਿਊਜ਼ੀਲੈਂਡ ਲਈ ਸਭ ਤੋਂ ਵੱਧ ਦੌੜਾਂ ਬਣਾਉਣ ਵਾਲੇ ਦੂਜੇ ਬੱਲੇਬਾਜ਼ ਹਨ। ਉਨ੍ਹਾਂ ਨੇ ਕਿਹਾ ਕਿ ਹੁਣ ਟੀਮ ਨੂੰ ਨਵੀਂ ਦਿਸ਼ਾ ਦੇਣ ਦਾ ਸਮਾਂ ਹੈ। ਜਦਕਿ ਵਿਲੀਅਮਸਨ ਇਕ ਰੋਜ਼ਾ ਅਤੇ ਟੈਸਟ ਕ੍ਰਿਕਟ ਖੇਡਣਾ ਜਾਰੀ ਰੱਖਣਗੇ ਅਤੇ ਉਹ ਦਸੰਬਰ ਮਹੀਨੇ ਵੈਸਟਇੰਡੀਜ਼ ਦੀ ਟੀਮ ਨਾਲ ਖੇਡੇ ਜਾਣ ਵਾਲੇ ਤਿੰਨ ਟੈਸਟ ਮੈਚਾਂ ਦੀ ਲੜੀ ਵਿਚ ਮੌਜੂਦ ਰਹਿਣਗੇ।

ਵਿਲੀਅਮਸਨ ਨੇ ਕਿਹਾ ਕਿ ਇਹ ਕੁੱਝ ਅਜਿਹਾ ਹੈ ਜਿਸ ਦਾ ਮੈਂ ਲੰਬੇ ਸਮੇਂ ਤੱਕ ਹਿੱਸਾ ਰਿਹਾ ਹਾਂ



ਅਤੇ ਮੈਂ ਉਨ੍ਹਾਂ ਯਾਦਾਂ ਨੂੰ ਅਨੁਭਵਾਂ ਦੇ ਲਈ ਬਹੁਤ ਧੰਨਵਾਦੀਹਾਂ। ਇਹ ਮੇਰੇ ਅਤੇ ਟੀਮ ਦੇ ਲਈ ਸਹੀ ਸਮਾਂ ਹੈ। ਇਸ ਨਾਲ ਟੀਮ ਨੂੰ ਅੱਗੇ ਦੀ ਸੀਰੀਜ਼ ਅਤੇ ਉਨ੍ਹਾਂ ਦੇ ਅਗਲੇ ਵੱਡੇ ਨਿਸ਼ਾਨੇ, ਯਾਨੀ ਟੀ-20 ਵਿਸ਼ਵ ਕੱਪ ਦੇ ਲਈ ਸਪੱਸ਼ਟਤਾ ਮਿਲੇਗੀ। ਟੀਮ ’ਚ ਬਹੁਤ ਸਾਰਾ ਟੇਲੈਂਟ ਹੈ ਅਤੇ ਇਨ੍ਹਾਂ ਖਿਡਾਰੀਆਂ ਨੂੰ ਅੱਗੇ ਲਿਆਉਣਾ ਅਤੇ ਉਨ੍ਹਾਂ ਨੂੰ ਵਿਸ਼ਵ ਕੱਪ ਦੇ ਲਈ ਤਿਆਰ ਕਰਨਾ ਮਹੱਤਵਪੂਰਨ ਹੋਵੇਗਾ।

## ਮੋਦੀ ਨਾ ਸਿਰਫ ਟਰੰਪ ਤੋਂ ਡਰਦੇ ਹਨ, ਸਗੋਂ ਵੱਡੇ ਕਾਰੋਬਾਰੀ ਵੀ ਉਨ੍ਹਾਂ ਨੂੰ ਰਿਮੋਟ ਰਾਹੀਂ ਚਲਾਉਂਦੇ ਹਨ : ਰਾਹੁਲ ਗਾਂਧੀ

**ਬੇਗੂਸਰਾਏ/ਖਗੜੀਆ:** ਕਾਂਗਰਸ ਨੇਤਾ ਰਾਹੁਲ ਗਾਂਧੀ ਨੇ ਐਤਵਾਰ ਨੂੰ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾ ਸਿਰਫ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਡਰਦੇ ਹਨ, ਸਗੋਂ ਵੱਡੇ ਕਾਰੋਬਾਰੀਆਂ ਵਲੋਂ ਉਨ੍ਹਾਂ ਨੂੰ ਰਿਮੋਟ ਰਾਹੀਂ ਵੀ ਕੀਤਾ ਜਾਂਦਾ ਹੈ। ਲੋਕ ਸਭਾ ’ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਬਿਹਾਰ ’ਚ ਬੇਗੂਸਰਾਏ ਅਤੇ ਖਗੜੀਆ ਜ਼ਿਲ੍ਹਿਆਂ ’ਚ ਲਗਾਤਾਰ ਰੈਲੀਆਂ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ, ‘‘ਇਕ ਵੱਡੀ ਛਾਤੀ ਹੋਣ ਨਾਲ ਤੁਸੀਂ ਮਜ਼ਬੂਤ ਨਹੀਂ ਹੁੰਦੇ। ਮਹਾਤਮਾ ਗਾਂਧੀ ਨੂੰ ਦੇਖੋ, ਜਿਨ੍ਹਾਂ ਦਾ ਸਰੀਰ ਕਮਜ਼ੋਰ ਸੀ ਪਰ ਉਨ੍ਹਾਂ ਨੇ ਅੰਗਰੇਜ਼ਾਂ ਦਾ ਮੁਕਾਬਲਾ ਕੀਤਾ, ਜੋ ਉਸ ਸਮੇਂ ਦੀਆਂ ਮਹਾਂਸ਼ਕਤੀਆਂ ਸਨ।’’ ਉਨ੍ਹਾਂ ਲੱਗੇ ਕਿਹਾ, ‘‘ਦੂਜੇ ਪਾਸੇ ਨਰਿੰਦਰ ਮੋਦੀ 56 ਇੰਚ ਦੀ ਛਾਤੀ ਦਾ ਮਾਣ ਕਰਦੇ ਹਨ, ਜਦੋਂ ਟਰੰਪ ਨੇ ਆਪ੍ਰੇਸ਼ਨ ਸੰਧੂਰ ਦੌਰਾਨ ਉਨ੍ਹਾਂ ਨੂੰ ਬੁਲਾਇਆ ਤਾਂ ਉਨ੍ਹਾਂ ਨੂੰ ਡਰ ਦਾ ਦੌਰਾ ਪਿਆ ਅਤੇ ਪਾਕਿਸਤਾਨ ਨਾਲ ਫੌਜੀ ਸੰਘਰਸ਼ ਦੋ ਦਿਨਾਂ ਵਿਚ ਖਤਮ ਹੋ ਗਿਆ। ਉਹ ਨਾ ਸਿਰਫ ਟਰੰਪ ਤੋਂ ਡਰਦੇ ਹਨ, ਬਲਕਿ ਅੰਬਾਨੀ ਅਤੇ ਅਡਾਨੀ ਵਲੋਂ ਵੀ ਉਨ੍ਹਾਂ ਨੂੰ ਰਿਮੋਟ ਨਾਲ ਚਲਾਇਆ ਜਾ ਰਿਹਾ ਹੈ।’’ ਕਾਂਗਰਸ ਨੇਤਾ ਨੇ ਕਿਹਾ, ‘‘1971 ’ਚ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ



ਗਾਂਧੀ ਨੂੰ ਅਮਰੀਕਾ ਨੇ ਧਮਕੀ ਦਿਤੀ ਸੀ ਪਰ ਉਹ ਡਰੀ ਨਹੀਂ ਸਨ ਅਤੇ ਉਹ ਉਹ ਕੀਤਾ ਜੋ ਕਰਨ ਦੀ ਲੋੜ ਸੀ। ਪਰ ਜਦੋਂ ਟਰੰਪ ਨੇ ਮੋਦੀ ਨੂੰ ਆਪ੍ਰੇਸ਼ਨ ਸੰਧੂਰ ਬੰਦ ਕਰਨ ਲਈ ਕਿਹਾ ਤਾਂ ਉਨ੍ਹਾਂ ਨੇ ਇਸ ਨੂੰ ਰੋਕ ਦਿਤਾ।’’ਰਾਹੁਲ ਗਾਂਧੀ ਨੇ ਦਾਅਵਾ ਕੀਤਾ ਕਿ ਮੋਦੀ ਸਰਕਾਰ ਦੇ ਜੀ.ਐਸ.ਟੀ. ਅਤੇ ਨੋਟਬੰਦੀ ਵਰਗੇ ਸਾਰੇ ਵੱਡੇ ਫੈਸਲਿਆਂ ਦਾ ਉਦੇਸ਼ ਛੋਟੇ ਕਾਰੋਬਾਰਾਂ ਨੂੰ ਤਬਾਹ ਕਰਨਾ ਅਤੇ ਵੱਡੇ ਕਾਰੋਬਾਰਾਂ ਨੂੰ ਲਾਭ ਪਹੁੰਚਾਉਣਾ ਹੈ। ਮੁੜ ਇਹ ਦਾਅਵਾ ਕਰਦੇ ਹੋਏ ਕਿ ਪ੍ਰਧਾਨ ਮੰਤਰੀ ਵੋਟਾਂ ਲਈ ਕੁੱਝ ਵੀ ਕਰ ਸਕਦੇ ਹਨ, ਰਾਹੁਲ ਗਾਂਧੀ ਨੇ ਕਿਹਾ, ‘‘ਉਨ੍ਹਾਂ ਨੂੰ ਯੋਗ ਕਰਨ ਲਈ ਕਹੋ, ਉਹ ਕੁੱਝ ਆਸਣ ਕਰਨਗੇ। ਉਹ ਵੋਟਾਂ ਲਈ ਸਟੇਜ ਉਤੇ ਨੱਚਣ ਵੀ ਲਗਣਗੇ। ਚੋਣਾਂ ਦੇ ਦਿਨ ਤਕ ਤੁਸੀਂ ਜੋ ਵੀ ਕਹੋਗੇ, ਮੋਦੀ ਉਹ ਕਰਨਗੇ। ਕਿਉਂਕਿ ਚੋਣਾਂ ਤੋਂ ਬਾਅਦ ਉਹ ਸਿਰਫ ਅਪਣੇ ਪਸੰਦੀਦਾ ਕਾਰਪੋਰੇਸ਼ਨਾਂ ਲਈ ਕੰਮ ਕਰਨਗੇ।’’ਰਾਹੁਲ ਗਾਂਧੀ ਨੇ ਕਿਹਾ ਕਿ ਜੇਕਰ ਸੂਬੇ ’ਚ ‘ਇੰਡੀਆ’ ਗਠਜੋੜ ਸੱਤਾ ’ਚ ਆਉਂਦਾ ਹੈ ਤਾਂ ਉਹ ਹਰ ਵਰਗ ਲਈ ਸਰਕਾਰ ਬਣਾਵੇਗੀ, ਨਾ ਕਿ ਕਿਸੇ ਵਿਸ਼ੇਸ਼ ਜਾਤੀ ਲਈ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਨੌਜੁਆਨਾਂ ਨੂੰ ਰੀਲਾਂ ਵੇਖਣ ਲਈ ਕਹਿ ਰਹੇ ਹਨ ਕਿਉਂਕਿ ਉਹ ਉਨ੍ਹਾਂ ਦਾ ਧਿਆਨ ਭਟਕਾਉਣਾ ਚਾਹੁੰਦੇ ਹਨ ਤਾਂ ਜੋ ਉਹ ਬੇਰੁਜ਼ਗਾਰੀ ਵਰਗੇ ਅਸਲ ਮੁੱਦਿਆਂ ਉਤੇ ਸਵਾਲ ਨਾ ਉਠਾਉਣ।


Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।


## ਇਸਰੋ ਵੱਲੋਂ ਸਭ ਤੋਂ ਭਾਰਾ ਸੈਟੇਲਾਈਟ ਲਾਂਚ

**ਸ੍ਰੀਹਰੀਕੋਟਾ।** ਇਸਰੋ ਨੇ ਅੱਜ ਸ਼ਾਮ ਵੇਲੇ 4400 ਕਿਲੋ ਦਾ ਸੈਟੇਲਾਈਟ ਲਾਂਚ ਕੀਤਾ। ਇਹ ਭਾਰਤੀ ਜ਼ਮੀਨ ਤੋਂ ਜਿਓਸਿੰਕਰੋਨਸ ਆਰਬਿਟ ਜੀ ਟੀ ਓ ਤਕ ਲਾਂਚ ਹੋਣ ਵਾਲਾ ਹੁਣ ਤਕ ਦਾ ਸਭ ਤੋਂ ਭਾਰਾ ਸੈਟੇਲਾਈਟ ਹੈ। ਇਸ ਨਾਲ ਜਲ ਸੈਨਾ ਦੀ ਤਾਕਤ ਵਧੇਗੀ ਤੇ ਉਸ ਦੀਆਂ ਕਮਿਊਨੀਕੇਸ਼ਨ ਸਮਰੱਥਾਵਾਂ ਵਿਚ ਵਾਧਾ ਹੋਵੇਗਾ। ਇਸ ਤੋਂ ਬਾਅਦ ਇਸਰੋ ਨੇ ਦਾਅਵਾ ਕੀਤਾ ਕਿ ਸੰਚਾਰ ਉਪਗ੍ਰਹਿ ਸੀ ਐਮ ਐਸ -03 ਸਫਲਤਾਪੂਰਵਕ ਨਿਰਧਾਰਤ ਪਥ ’ਤੇ ਸਥਾਪਿਤ ਕਰ ਦਿੱਤਾ ਗਿਆ ਹੈ।ਇਸ ਤੋਂ ਪਹਿਲਾਂ ਇਸਰੋ ਨੇ ਚੰਦਰਯਾਨ 3 ਮਿਸ਼ਨ ਵਿਚ 3900 ਕਿਲੋ ਪੇਲੋਡ ਜੀ ਟੀ ਓ ਵਿਚ ਭੇਜਿਆ ਸੀ। ਜਾਣਕਾਰੀ ਅਨੁਸਾਰ ਇਹ ਸੈਟੇਲਾਈਟ ਸ੍ਰੀਹਰੀਕੋਟਾ ਤੋਂ ਸ਼ਾਮ 5:26 ਵਜੇ ਲਾਂਚ ਕੀਤਾ ਗਿਆ। 24 ਘੰਟਿਆਂ ਦੀ ਕਾਊਂਟਡਾਊਨ ਖਤਮ ਹੋਣ ਤੋਂ ਬਾਅਦ 43.5 ਮੀਟਰ ਲੰਬਾ ਰਾਕੇਟ ਚੇਨਈ ਤੋਂ ਲਗਪਗ 135 ਕਿਲੋਮੀਟਰ ਦੂਰ ਇਸ ਸਪੇਸਪੋਰਟ ’ਤੇ ਦੂਜੇ ਲਾਂਚ ਪੈਡ ਤੋਂ ਸ਼ਾਮ 5.26 ਵਜੇ ਦੇ ਨਿਰਧਾਰਤ ਸਮੇਂ ’ਤੇ ਲਾਂਚ ਕੀਤਾ ਗਿਆ।





ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਨਕਲੀ ਬਾਰਿਸ਼ ਦੇ ਚੱਕਰ 'ਚ ਦਿੱਲੀ ਸਰਕਾਰ ਨੇ ਫੂਕੇ 34 ਕਰੋੜ, ਕਾਮਯਾਬ ਨਹੀਂ ਹੋ ਸਕੀ ਕਲਾਊਡ ਸੀਡਿੰਗ ਤਕਨੀਕ



**ਨਵੀਂ ਦਿੱਲੀ।** ਦਿੱਲੀ ਸਰਕਾਰ ਨੇ ਨਕਲੀ ਬਾਰਿਸ਼ ਕਰਵਾਉਣ ਦੇ ਚੱਕਰ ਵਿਚ 34 ਕਰੋੜ ਰੁਪਏ ਸੁਆਹ ਕਰ ਦਿੱਤੇ, ਪਰ ਪਾਣੀ ਦੀ ਇਕ ਬੂੰਦ ਨਹੀਂ ਬਰਸੀ। ਨਕਲੀ ਮੀਂਹ ਪਵਾਉਣ ਦੀ ਜ਼ਿੰਮੇਵਾਰੀ ਆਈਆਈਟੀ ਕਾਨਪੁਰ ਦੇ ਵਿਗਿਆਨੀਆਂ ਵੱਲੋਂ ਲਈ ਗਈ ਸੀ। ਕਿਹਾ ਜਾ ਰਿਹੈ ਕਿ ਮਾਹਿਰਾਂ ਵੱਲੋਂ ਇਸ ਨੂੰ ਪਹਿਲਾਂ ਹੀ ਖਾਰਜ ਕੀਤਾ ਜਾ ਚੁੱਕਿਆ ਸੀ,ਹੁਣ ਸਵਾਲ ਉਠ ਰਹੇ ਕਿ ਇਸ ਦੇ ਬਾਵਜੂਦ ਇਹ ਪੈਸਾ ਬਰਬਾਦ ਕਿਉਂ ਕੀਤਾ ਗਿਆ? ਦਿੱਲੀ ਵਿਚ ਕਲਾਊਡ ਸੀਡਿੰਗ ਯਾਨੀ ਨਕਲੀ ਬਾਰਿਸ਼ ਕਰਵਾਉਣ ਦੀ ਕੋਸ਼ਿਸ਼ ਕੀਤੀ ਗਈ ਪਰ ਉਸ ਦਾ ਕੋਈ ਨਤੀਜਾ ਨਹੀਂ ਨਿਕਲ ਸਕਿਆ ਬਲਕਿ ਇਸ ਪ੍ਰਕਿਰਿਆ ’ਤੇ 34 ਕਰੋੜ ਰੁਪਏ ਖ਼ਰਚ ਹੋ ਗਏ। ਹੁਣ ਦਸੰਬਰ 2024 ਵਿਚ ਰਾਜ ਸਭਾ ਵਿਚ ਦਿੱਤੇ ਗਏ ਇਕ ਲਿਖਤੀ ਜਵਾਬ ਦੇ ਸਾਹਮਣੇ ਆਉਣ ਤੋਂ ਬਾਅਦ ਇਸ ’ਤੇ ਸਵਾਲ ਉਠਣੇ ਸ਼ੁਰੂ ਹੋ ਗਏ ਨੇ। ਉਸ ਵਿਚ ਕਿਹਾ ਗਿਆ ਏ ਕਿ ਕੇਂਦਰੀ ਵਾਤਾਵਰਣ ਮੰਤਰਾਲੇ ਨੇ ਪੁਸ਼ਟੀ ਕੀਤੀ ਕਿ ਤਿੰਨ ਸਪੈਲਾਈਜ਼ਡ ਏਜੰਸੀਆਂ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ, ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਅਤੇ ਭਾਰਤ ਮੌਸਮ ਵਿਗਿਆਨ ਨੇ ਸਰਦੀਆਂ ਦੌਰਾਨ ਦਿੱਲੀ ਵਿਚ ਕਲਾਊਡ ਸੀਡਿੰਗ ਨਾ ਕਰਨ ਦੀ ਸਲਾਹ ਦਿੱਤੀ ਸੀ। ਏਜੰਸੀਆਂ ਦਾ ਕਹਿਣਾ ਸੀ ਕਿ ਵਿਗਿਆਨ ਇਸ ਦਾ ਸਮਰਥਨ ਨਹੀਂ ਕਰਦਾ, ਪਰ ਏਜੰਸੀਆਂ ਦੀ ਸਲਾਹ ਨੂੰ ਅਣਦੇਖਿਆ ਕੀਤਾ ਗਿਆ ਹੈ। ਜਾਣਕਾਰੀ ਅਨੁਸਾਰ 28 ਅਕਤੂਬਰ ਨੂੰ ਕਲਾਊਡ ਸੀਡਿੰਗ ਲਈ ਦੋ ਉਡਾਨਾਂ ਭਰੀਆਂ ਗਈਆਂ, ਦੋਵਾਂ ਦੀ ਲਾਗਤ ਕਰੀਬ 60-60 ਲੱਖ ਰੁਪਏ ਸੀ। ਇਨ੍ਹਾਂ ਵੱਲੋਂ ਕਰੀਬ 300 ਵਰਗ ਕਿਲੋਮੀਟਰ ਦਾ ਖੇਤਰ ਕਵਰ ਕੀਤਾ ਗਿਆ, ਪਰ ਨਤੀਜਾ ਕੁੱਝ ਨਹੀਂ ਨਿਕਲ ਸਕਿਆ। ਦਰਅਸਲ ਪੱਛਮੀ ਦਬਾਅ ਤੋਂ ਪ੍ਰਭਾਵਿਤ ਦਿੱਲੀ ਦਾ ਆਕਾਸ਼ ਸੰਘਣੇ, ਨਮੀ ਨਾਲ ਭਰਪੂਰ ਬੱਦਲ ਬਹੁਤ ਘੱਟ ਬਣਾਉਂਦਾ ਹੈ ਜੋ ਕਲਾਊਡ ਸੀਡਿੰਗ ਲਈ ਜ਼ਰੂਰੀ ਹੁੰਦੇ ਹਨ। ਜਦੋਂ ਕਦੇ ਬੱਦਲ ਬਣਦੇ ਵੀ ਨੇ, ਉਹ ਬਹੁਤ ਉਚੇ ਜਾਂ ਬਹੁਤ ਡਰਾਈ ਹੁੰਦੇ ਨੇ ਅਤੇ ਜੋ ਵੀ ਬਾਰਿਸ਼ ਹੁੰਦੀ ਐ, ਉਹ ਅਕਸਰ ਜ਼ਮੀਨ ਨੂੰ ਛੂਹਣ ਤੋਂ ਪਹਿਲਾਂ ਹੀ ਵਾਸ਼ਪਿਤ ਹੋ ਜਾਂਦੀ ਹੈ। ਏਜੰਸੀਆਂ ਨੇ ਸਰਵਸੰਮਤੀ ਨਾਲ ਨਤੀਜਾ ਕੱਢਿਆ ਸੀ ਕਿ ਠੰਡ ਅਤੇ ਨਮੀ ਦੇ ਮਹੀਨਿਆਂ ਦੌਰਾਨ ਦਿੱਲੀ ਵਿਚ ਕਲਾਊਡ ਸੀਡਿੰਗ ਸੰਭਵ ਨਹੀਂ। ਦਿੱਲੀ ਵਿਚ ਕੁੱਝ ਮਿਲੀਮੀਟਰ ਬੂੰਦਾਬਾਂਦੀ ਹੀ ਹੋ ਸਕੀ।

ਦੱਸ ਦਈਏ ਕਿ ਇਹ ਪਹਿਲੀ ਵਾਰ ਨਹੀਂ ਜਦੋਂ ਦਿੱਲੀ ਨੇ ਕਲਾਊਡ ਸੀਡਿੰਗ ਦੀ ਕੋਸ਼ਿਸ਼ ਕੀਤੀ ਹੋਵੇ, ਪਿਛਲੀਆਂ ਕੋਸ਼ਿਸ਼ਾਂ ਵੀ ਪ੍ਰਦੂਸ਼ਣ ਦੇ ਪੱਧਰ ਜਾਂ ਬਾਰਿਸ਼ ਵਿਚ ਕੋਈ ਕਮੀ ਲਿਆਉਣ ਵਿਚ ਨਾਕਾਮ ਰਹੀਆਂ ਸੀ, ਹੁਣ ਵੱਡੇ ਸਵਾਲ ਇਹੀ ਉਠ ਰਹੇ ਨੇ ਕਿ ਏਜੰਸੀਆਂ ਦੀ ਸਲਾਹ ਨੂੰ ਅਣਦੇਖਿਆ ਕਿਉਂ ਕੀਤਾ ਗਿਆ? ਪਰ ਹਾਲੇ ਤੱਕ ਵਾਤਾਵਰਣ ਮੰਤਰਾਲੇ ਵੱਲੋਂ ਇਸ ਦਾ ਕੋਈ ਜਵਾਬ ਨਹੀਂ ਦਿੱਤਾ ਗਿਆ।

# ਆਸਟ੍ਰੇਲੀਆਈ ਮੰਤਰੀ ਨੇ ਦਿਲਜੀਤ ਦੋਸਾਂਝ 'ਤੇ ਨਸਲੀ ਟਿੱਪਣੀਆਂ ਦੀ ਕੀਤੀ ਨਿੰਦਾ





ਭਾਰਤੀ ਸੰਗੀਤ ਆਈਕਨ ਦਿਲਜੀਤ ਦੋਸਾਂਝ ਦੇ ਆਸਟਰੇਲੀਆਈ ਦੌਰੇ ਦੌਰਾਨ ਨਸਲੀ ਦੁਰਵਿਵਹਾਰ ਦੀ ਇਕ ਲਹਿਰ ਦੇ ਸਖ਼ਤ ਜਵਾਬ ਵਿਚ, ਬਹੁ-ਸਭਿਆਚਾਰਕ ਮਾਮਲਿਆਂ ਦੇ ਸਹਾਇਕ ਮੰਤਰੀ ਜੂਲੀਅਨ ਹਿੱਲ (ਐਮਪੀ) ਨੇ ਜਨਤਕ ਤੌਰ ’ਤੇ ਪੁਸ਼ਟੀ ਕੀਤੀ ਹੈ ਕਿ ਆਸਟਰੇਲੀਆ ਵਿਚ ਸੈਲਾਨੀਆਂ ਅਤੇ ਵਿਦੇਸ਼ੀ ਕਲਾਕਾਰਾਂ ਵਿਰੁਧ ਨਸਲੀ ਵਿਤਕਰੇ ਲਈ ਕੋਈ ਥਾਂ ਨਹੀਂ ਹੈ। ਮੰਤਰੀ ਹਿੱਲ ਨੇ ਦ ਆਸਟਰੇਲੀਆ ਟੂਡੇ ਨੂੰ ਦੱਸਿਆ, ਸੋਸ਼ਲ-ਮੀਡੀਆ ਪੋਸਟਾਂ ਅਤੇ ਟਿੱਪਣੀਆਂ ਦਾ ਜਵਾਬ ਦਿੰਦੇ ਹੋਏ ਜੋ ਦੋਸਾਂਝ ਦੀ ਨਸਲੀ ਅਤੇ ਵਿਸ਼ਵਾਸ ਨੂੰ ਨਿਸ਼ਾਨਾ ਬਣਾਉਂਦੀਆਂ ਹਨ, ਜਦੋਂ ਉਹ ਆਪਣੇ ਬਹੁਤ ਹੀ ਉਮੀਦ ਭਰੇ ਔਰਾ ਟੂਰ-2025 ਲਈ ਦੌਰਾ ਕਰ ਰਹੇ ਹਨ। ਮੰਤਰੀ ਨੇ ਕਿਹਾ ਕਿ ਆਸਟ੍ਰੇਲੀਆ ਵਿਚ ਨਸਲੀ ਵਿਤਕਰੇ ਦੀ ਕੋਈ ਥਾਂ ਨਹੀਂ ਹੈ ਅਤੇ ਸਾਡੇ ਦੇਸ਼ ਵਿਚ ਆਉਣ ਵਾਲੇ ਸੈਲਾਨੀਆਂ ਦਾ ਸਵਾਗਤ ਕੀਤਾ ਜਾਣਾ ਚਾਹੀਦਾ ਹੈ । ਹਿੱਲ ਦੀਆਂ ਟਿੱਪਣੀਆਂ ਆਨਲਾਈਨ ਨਫ਼ਰਤ ਭਰੇ ਭਾਸ਼ਣ ਦੇ ਸੁਰੱਖਿਆ ਅਤੇ ਸਾਖ਼ ਪ੍ਰਭਾਵ ਬਾਰੇ ਵਧਦੀ ਚਿੰਤਾ ਦੇ ਵਿਚਕਾਰ ਆਈਆਂ ਹਨ, ਖ਼ਾਸ ਕਰ ਕੇ ਇਕ ਬਹੁ-ਸਭਿਆਚਾਰਕ ਸਮਾਜ ਵਿਚ ਜਿੱਥੇ ਵਿਦੇਸ਼ਾਂ ਤੋਂ ਆਉਣ ਵਾਲੇ ਕਲਾਕਾਰ ਸੱਭਿਆਚਾਰਕ ਕੂਟਨੀਤੀ ਅਤੇ ਵਪਾਰ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ।

SHAM LAL CHANDER

ID no. 921760

BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com

Chander Consultants Limited, London, UK 07488841161

# ਖਾਲਸਾ ਨੇ ਰਾਏਕੋਟ ਮੰਡੀ ਦਾ ਦੌਰਾ ਕਰਕੇ ਖ਼੍ਰੀਦ ਪ੍ਰਬੰਧਾ ਦਾ ਜਾਇਜ਼ਾ ਲਿਆ

**ਰਾਏਕੋਟ, 02 ਨਵੰਬਰ**
**ਗੁਰਭਿੰਦਰ ਗੁਰੀ**



ਮੰਡੀਆਂ ਵਿੱਚ ਝੋਨੇ ਦੀ ਫਸਲ ਦੀ ਚੱਲ ਰਹੀ ਖ਼੍ਰੀਦ ਦੇ ਸਬੰਧ ਵਿੱਚ ਅੱਜ ਸਾਬਕਾ ਵਿਧਾਇਕ, ਸਾਬਕਾ ਸੰਸਦੀ ਸਕੱਤਰ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਖਾਲਸਾ ਨੇ ਅਨਾਜ ਮੰਡੀ ਰਾਏਕੋਟ ਦਾ ਦੌਰਾ ਕਰਕੇ ਪ੍ਰਬੰਧਾ ਦਾ ਜਾਇਜਾ ਲਿਆ। ਇਸ ਮੌਕੇ ਉਨ੍ਹਾਂ ਯੂਥ ਅਕਾਲੀ ਆਗੂ ਸੁਸ਼ੀਲ ਕੁਮਾਰ ਬਾਵਾ ਚੋਪੜਾ ਦੀ ਆੜਤ ਚੋਪੜਾ ਟਰੇਡਿੰਗ ਤੇ ਆਪਣੀ ਫਸਲ ਵੇਚਣ ਆਏ ਕਿਸਾਨਾਂ ਨਾਲ ਗੱਲਬਾਤ ਕੀਤੀ। ਇਸ ਮੌਕੇ ਕਿਸਾਨਾਂ ਨੇ ਸ. ਖਾਲਸਾ ਨੂੰ ਦੱਸਿਆ ਕਿ ਇਸਵਾਰ ਝੋਨੇ ਦੀ ਪੈਦਾਵਾਰ ਪਹਿਲਾਂ ਦੇ ਮੁਕਾਬਲੇ ਬਹੁਤ ਘੱਟ ਹੋਈ ਹੈ, ਜਿਸ ਕਾਰਨ ਉਨ੍ਹਾਂ ਤੇ ਆਰਥਿਕ ਬੋਝ ਲਗਾਤਾਰ ਵਧਦਾ ਜਾ ਰਿਹਾ ਹੈ। ਇਸ ਮੌਕੇ ਪੱਤਰਕਾਰ ਕਰਦਿਆਂ ਬਿਕਰਮਜੀਤ ਸਿੰਘ ਖਾਲਸਾ ਨੇ ਕਿਹਾ ਕਿ ਸਰਕਾਰ ਵੱਲੋਂ ਮੰਡੀਆਂ ਵਿੱਚ ਝੋਨੇ ਦੀ ਖ਼੍ਰੀਦ ਲਈ ਕੀਤੇ ਪ੍ਰਬੰਧ ਨਾ ਕਾਫੀ ਹਨ, ਜਿਸ ਕਾਰਨ ਕਿਸਾਨਾਂ ਨੂੰ ਫਸਲ ਵੇਚਣ ਲਈ ਪ੍ਰੇਸ਼ਾਨੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸਵਾਰ ਸੂਬੇ ਦੇ ਕਿਸਾਨਾਂ ਤੇ ਦੋਹਰੀ ਮਾਰ ਪਈ ਹੈ, ਜਿਸ ਦੇ ਚੱਲਦਿਆਂ ਪਹਿਲਾਂ ਤਾਂ ਹੜ੍ਹਾਂ ਨੇ ਉਨ੍ਹਾਂ ਦੀ ਫਸਲ ਨੂੰ ਬੁਰੀ ਤਰ੍ਹਾਂ ਬਰਬਾਦ ਕਰ ਦਿੱਤਾ ਹੈ, ਉੱਥੇ ਬਚੀ ਹੋਈ ਫਸਲ ਦੀ ਪੈਦਾਵਾਰ ਵੀ ਬਹੁਤ ਘੱਟ ਗਈ ਹੈ। ਉਨ੍ਹਾਂ ਸਰਕਾਰ ਤੋਂ ਮੰਗ ਕੀਤੀ ਕਿ ਕਿਸਾਨਾਂ ਤੇ ਪਈ ਇਸ ਦੋਹਰੀ ਮਾਰ ਨੂੰ ਧਿਆਨ ਵਿੱਚ ਰੱਖਦਿਆਂ ਝੋਨੇ ਦੀ ਫਸਲ ਤੇ ਬੋਨਸ ਦੇਣ ਦਾ ਐਲਾਨ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਕਰਜੇ ਦੀ ਅਦਾਇਗੀ ਵਿੱਚ ਵੀ ਵਿਸ਼ੇਸ਼ ਰਿਆਇਤ ਦਿੱਤੀ ਜਾਵੇ। ਇਸ ਤੋਂ ਇਲਾਵਾ ਪੀੜਤ ਕਿਸਾਨਾਂ ਨੂੰ ਮੁਆਵਜੇ ਦੀ ਅਦਾਇਗੀ ਵੀ ਤੁਰੰਤ ਦਿੱਤੀ ਜਾਵੇ।ਇਸ ਮੌਕੇ ਸੁਸ਼ੀਲ ਕੁਮਾਰ ਬਾਵਾ ਚੋਪੜਾ, ਗੁਰਜੀਤ ਸਿੰਘ ਜੰਡ, ਪਵਨ ਧਾਲੀਵਾਲ, ਪ੍ਰਧਾਨ ਸੰਜੀਵ ਬੌਵਾ, ਸੰਜੀਵ ਕੁਮਾਰ, ਗੁਰਇਕਬਾਲ ਸਿੰਘ ਲਤਾਲਾ ਆਦਿ ਤੋਂ ਇਲਾਵਾ ਹੋਰ ਕਿਸਾਨ ਵੀ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ

# ਪੰਜਾਬੀ ਸਾਹਿਤ ਸਭਾ ਵੱਲੋਂ ਸੰਘਰਸ਼ ਦਾ ਸੱਦਾ

**ਧੂਰੀ (ਰਮੇਸ਼ਵਰ ਸਿੰਘ)** ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ ਵੱਲੋਂ ਤਥਾ ਕਥਿਤ ਨਵੇਂ ਪੰਜਾਬ ਦਿਵਸ 'ਤੇ ਸੂਬੇ , ਦੇਸ ਅਤੇ ਵਿਦੇਸ਼ ਵਿੱਚ ਵਸਦੇ ਸਮੂੰਹ ਪੰਜਾਬੀਆਂ ਨੂੰ ਸੂਬੇ ਨੂੰ ਦਰਪੇਸ਼ ਚੁਣੌਤੀਆਂ ਦਾ ਰਲ਼ ਮਿਲ ਕੇ ਸਾਹਮਣਾ ਕਰਨ ਦਾ ਸੱਦਾ ਦਿੱਤਾ ਹੈ। ਸਭਾ ਦੇ ਸਮੂੰਹ ਅਹੁਦੇਦਾਰਾਂ ਅਤੇ ਮੈਂਬਰ ਮਹਿਸੂਸ ਕਰਦੇ ਹਨ ਕਿ ਅਜੋਕਾ ਪੰਜਾਬ ਅਨੇਕਾਂ ਮੁਸ਼ਕਿਲਾਂ ਵਿੱਚ ਘਿਰਿਆ ਹੋਇਆ ਹੈ , ਇਹਨਾਂ ਲਈ ਜਿੱਥੇ ਸਮੇਂ ਸਮੇਂ ਦੀਆਂ ਕੇਂਦਰੀ ਸਰਕਾਰਾਂ ਜਿੰਮੇਂਵਾਰ ਹਨ ਓਥੇ ਪੰਜਾਬ ਦੀ ਸੱਤਾ 'ਤੇ ਕਾਬਜ ਰਹੀਆਂ ਸਰਕਾਰਾਂ ਅਤੇ ਸਿਆਸੀ ਪਾਰਟੀਆਂ ਬਰਾਬਰ ਦੀਆਂ ਜਿੰਮੇਂਵਾਰ ਹਨ।ਉਨ੍ਹਾਂ ਕਿਹਾ ਕਿ ਇਹਨਾਂ ਚੁਣੌਤੀਆਂ ਤੋਂ ਘਬਰਾਉਂਣ ਦੀ ਲੋੜ ਨਹੀਂ ਸਗੋਂ ਇਸ ਲੜਾਈ ਵਿੱਚ ਹਰ ਪੰਜਾਬੀ ਨੂੰ ਆਪਣੇ ਪੱਧਰ 'ਤੇ ਬਣਦਾ ਯੋਗਦਾਨ ਪਾਉਂਣਾ ਚਾਹੀਦਾ ਹੈ।

ਇਸ ਮੌਕੇ ਉਨ੍ਹਾਂ ਨੇ ਸਮੂੰਹ ਪੰਜਾਬੀਆਂ ਨੂੰ ਪੰਜਾਬ , ਪੰਜਾਬੀ ਅਤੇ ਪੰਜਾਬੀਅਤ ਦੇ ਮਸਲਿਆਂ ਖਾਸ ਕਰ ਕੇ ਰਾਜਧਾਨੀ ਚੰਡੀਗੜ੍ਹ ਪ੍ਰਾਪਤ ਕਰਨ , ਦਰਿਆਈ ਪਾਣੀਆਂ ਸੰਬੰਧੀ ਇਨਸਾਫ਼ ਪ੍ਰਾਪਤ ਕਰਨ , ਖੇਤੀ ਸੰਕਟ ਹੱਲ ਕਰਵਾਉਂਣ , ਸਨੱਅਤੀਕਰਨ ਨੂੰ ਉਤਸਾਹਿਤ ਕਰਨ , ਨਵੀਂ ਪੀੜ੍ਹੀ ਨੂੰ ਚੰਗੀ ਸਿੱਖਿਆ , ਚੰਗੀਆਂ ਸਿਹਤ ਸੇਵਾਵਾਂ, ਰੋਜ਼ਗਾਰ ਦੇ ਢੁੱਕਵੇਂ ਮੌਕੇ ਪ੍ਰਦਾਨ ਕਰਨ ਅਤੇ ਖ਼ਾਸ ਤੌਰ ਤੇ ਮਾਂ ਬੋਲੀ ਤੇ ਮਾਤ ਭਾਸਾ ਨੂੰ ਰਾਜ ਵਿੱਚ ਢੁੱਕਵਾਂ ਸਥਾਨ ਦਿਵਾਉਂਣ ਲਈ ਆਪਣਾ ਪੁਰ ਅਮਨ ਸੰਘਰਸ਼ ਵਿੱਢਣ ਦੀ ਵੀ ਅਪੀਲ ਕੀਤੀ ਹੈ। ਉਨ੍ਹਾਂ ਸਰਕਾਰ ਕੋਲੋਂ ਮੰਗ ਕਰਦਿਆਂ ਕਿਹਾ ਕਿ ਮਾਤ ਭਾਸ਼ਾ 'ਚ ਰੁਜ਼ਗਾਰ ਦੇ ਵਸੀਲੇ ਪੈਦਾ ਕਰਨ ਹਿੱਤ ਸਾਇੰਸ , ਕਾਨੂੰਨ ਅਤੇ ਤਕਨੀਕੀ ਸਿੱਖਿਆ ਸਮੇਤ ਉਚੇਰੀ ਸਿੱਖਿਆ ਸਮੱਗਰੀ ਦਾ ਬੰਦੋਬਸਤ ਪੰਜਾਬੀ ਵਿੱਚ ਕਰਕੇ ਸਕੂਲਾਂ ਕਾਲਜਾਂ ਵਿੱਚ ਖਾਲੀ ਆਸਾਮੀਆਂ ਪਹਿਲ ਦੇ ਆਧਾਰ 'ਤੇ ਭਰੀਆਂ ਜਾਣ ਅਤੇ ਭਾਸ਼ਾ ਟ੍ਰਿਬਿਊਨਲ ਕਾਇਮ ਕਰ ਕੇ ਪੰਜਾਬੀ ਵਿੱਚ ਕੰਮ ਨਾ ਕਰਨ ਵਾਲੇ ਅਧਿਕਾਰੀਆਂ ਵਿਰੁੱਧ ਸਜਾ ਦੀ ਮੰਗ ਵੀ ਕੀਤੀ ਹੈ।ਇਹ ਜਾਣਕਾਰੀ ਪ੍ਰੈਸ ਨਾਲ਼ ਸਾਂਝੀ ਕਰਦਿਆਂ ਸਭਾ ਦੇ ਪ੍ਰਧਾਨ ਮੂਲ ਚੰਦ ਸ਼ਰਮਾ ਨੇ ਕਿਹਾ ਕਿ ਪੰਜਾਬ ਸਾਡਾ ਘਰ ਤੇ ਸਾਡੀ ਪਛਾਣ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਦੇ ਗੌਰਵਮਈ ਵਿਰਸੇ ਅਤੇ ਇਤਿਹ- ਾਸ ਉੱਤੇ ਮਾਣ ਕਰਨਾ ਚਾਹੀਦਾ ਹੈ।ਇਸ ਮੌਕੇ ਉਨ੍ਹਾਂ ਦੇ ਨਾਲ਼ ਪ੍ਰਿੰਸੀਪਲ ਕਿਰਪਾਲ ਸਿੰਘ ਜਵੰਧਾ , ਮੈਨੇਜਰ ਜਗਦੇਵ ਸ਼ਰਮਾ ਬੁਗਰਾ , ਚਰਨਜੀਤ ਸਿੰਘ ਮੀਮਸਾ , ਸੰਜੇ ਲਹਿਰੀ , ਗੁਰਮੀਤ ਸਿੰਘ ਸੋਹੀ ਅਤੇ ਬਲਜੀਤ ਸਿੰਘ ਬਾਂਸਲ ਵੀ ਹਾਜ਼ਰ ਸਨ।

ਸਮਾਜ ਵੀਕਲੀ ਨਿਊਜ

# ਹੰਟਿੰਗਡਨ ਟ੍ਰੇਨ 'ਚ ਛੁਰੀਕਾਂਡ: ਕਈ ਯਾਤਰੀ ਗੰਭੀਰ ਜ਼ਖ਼ਮੀਂ,ਦੋ ਦੀ ਹਾਲਤ ਨਾਜ਼ੁਕ,ਦੋ ਬ੍ਰਿਟਿਸ਼ ਨਾਗਰਿਕ ਗ੍ਰਿਫਤਾਰ









**ਘਟਨਾ ਮੌਕੇ ਪੁੱਜੀ ਪੁਲੀਸ ਅਤੇ ਘਟਨਾ ਸਬੰਧੀ ਜਾਣਕਾਰੀ ਦਿੰਦੇ ਹੋਏ ਪੁਲਿਸ ਅਧਿਕਾਰੀ।**

**ਤਸਵੀਰਾਂ:-ਸੁਖਜਿੰਦਰ ਸਿੰਘ ਢੱਡੇ**

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)-** ਇੰਗਲੈਂਡ ਦੇ ਕੈਮਬਰਿਜਸ਼ਾਇਰ ਵਿੱਚ ਹੰਟਿੰਗਡਨ ਸਟੇਸ਼ਨ 'ਤੇ ਸ਼ਨੀਵਾਰ ਰਾਤ ਇੱਕ ਤੇਜ਼ ਰਫ਼ਤਾਰ ਟ੍ਰੇਨ ਵਿੱਚ ਛੁਰੀ ਨਾਲ ਹਮਲੇ ਦੀ ਭਿਆਨਕ ਘਟਨਾ ਵਾਪਰੀ, ਜਿਸ ਵਿੱਚ ਕਈ ਯਾਤਰੀਆਂ ਨੂੰ ਗੰਭੀਰ ਚੋਟਾਂ ਆਈਆਂ ਹਨ। ਪੁਲਿਸ ਨੇ ਦੋ ਬ੍ਰਿਟਿਸ਼ ਨਾਗਰਿਕਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ ਅਤੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਹਾਲੇ ਤੱਕ ਹਮਲੇ ਦੇ ਪਿੱਛੇ ਕੋਈ ਅੱਤਵਾਦੀ ਮਕਸਦ ਨਹੀਂ ਮਿਲਿਆ।ਇਹ ਹਮਲਾ ਸ਼ਨੀਵਾਰ ਦੇਰ ਸ਼ਾਮ ਡੌਨਕਾਸਟਰ ਤੋਂ ਲੰਡਨ ਕਿੰਗਜ਼ ਕ੍ਰਾਸ ਜਾ ਰਹੀ LNER ਟ੍ਰੇਨ ਵਿੱਚ ਵਾਪਰਿਆ। ਟ੍ਰੇਨ ਪੀਟਰਬਰੋ ਸਟੇਸ਼ਨ ਤੋਂ ਨਿਕਲਣ ਤੋਂ ਕੁਝ ਹੀ ਸਮੇਂ ਬਾਅਦ ਇੱਕ ਵਿਅਕਤੀ ਨੇ ਵੱਡੀ ਛੁਰੀ ਨਾਲ ਕਈ ਯਾਤਰੀਆਂ 'ਤੇ ਹਮਲਾ ਕਰ ਦਿੱਤਾ। ਇਸ ਦੌਰਾਨ ਟ੍ਰੇਨ ਵਿੱਚ ਚੀਖਾਂ, ਹੜਕੰਪ ਅਤੇ ਦਹਿਸ਼ਤ ਦਾ ਮਾਹੌਲ ਬਣ ਗਿਆ।ਡਰਾਈਵਰ ਨੇ ਤੁਰੰਤ ਟ੍ਰੇਨ ਨੂੰ ਹੰਟਿੰਗਡਨ ਸਟੇਸ਼ਨ 'ਤੇ ਰੋਕਿਆ ਅਤੇ ਐਮਰਜੈਂਸੀ ਸੇਵਾਵਾਂ ਨੂੰ ਸੂਚਿਤ ਕੀਤਾ।

ਸਸ਼ਸਤ੍ਰ ਪੁਲਿਸ ਨੇ ਮੌਕੇ 'ਤੇ ਦੋ ਸ਼ੱਕੀ ਵਿਅਕਤੀਆਂ ਨੂੰ ਕਾਬੂ ਕਰਕੇ ਟੇਜ਼ਰ ਦੀ ਵਰਤੋਂ ਨਾਲ ਹਿਰਾਸਤ ਵਿੱਚ ਲਿਆ।

ਗ੍ਰਿਫ਼ਤਾਰ ਸ਼ੱਕੀ ਦੋਵੇਂ ਬ੍ਰਿਟਿਸ਼ ਨਾਗਰਿਕ ਅਤੇ ਇੱਕ 32 ਸਾਲ ਦਾ ਅਫ਼ਰੀਕੀ ਮੂਲ ਦਾ ਬ੍ਰਿਟਿਸ਼ ਵਿਅਕਤੀ ਅਤੇ ਦੂਜਾ 35 ਸਾਲ ਦਾ ਕਰੀਬੀਅਨ ਮੂਲ ਦਾ ਬ੍ਰਿਟਿਸ਼ ਵਿਅਕਤੀ ਹੈ। ਦੋਵੇਂ ਹੀ ਯੂਕੇ ਵਿੱਚ ਜਨਮੇ ਹਨ ਅਤੇ ਪੁਲਿਸ ਉਨ੍ਹਾਂ ਤੋਂ ਬਹੁਤ ਹੀ ਬਾਰੀਕੀ ਨਾਲ ਪੁੱਛਗਿੱਛ ਕਰ ਰਹੀ ਹੈ।

ਪੁਲਿਸ ਨੇ ਦੱਸਿਆ ਕਿ ਘਟਨਾ ਵਿੱਚ ਕੁੱਲ 10 ਯਾਤਰੀ ਜ਼ਖ਼ਮੀ ਹੋਏ, ਜਿਨ੍ਹਾਂ ਵਿੱਚੋਂ ਦੋ ਦੀ ਹਾਲਤ ਨਾਜ਼ੁਕ ਹੈ। ਕੁਝ ਯਾਤਰੀਆਂ ਨੂੰ ਪ੍ਰਾਇਮਰੀ ਇਲਾਜ ਦੇ ਬਾਅਦ ਹਸਪਤਾਲ ਤੋਂ ਛੁੱਟੀ ਦਿੱਤੀ ਗਈ ਹੈ। ਅੱਖੀਂ ਦੇਖੇ ਗਵਾਹਾਂ ਨੇ ਦੱਸਿਆ ਕਿ ਹਮਲੇ ਦੌਰਾਨ ਲੋਕ ਡਰ ਕੇ ਟੌਇਲਟਾਂ ਜਾਂ ਕਾਰਿਜਾਂ ਵਿੱਚ ਲੁਕ ਗਏ, ਕਈਆਂ ਨੇ ਆਪਣੀਆਂ ਸੀਟਾਂ ਹੇਠਾਂ ਛੁਪਣ ਦੀ ਕੋਸ਼ਿਸ਼ ਕੀਤੀ। ਇਕ ਗਵਾਹ ਨੇ ਕਿਹਾ, "ਉਹ ਵਿਅਕਤੀ ਛੁਰੀ ਹਿਲਾਉਂਦਾ ਸਭ 'ਤੇ ਹਮਲਾ ਕਰ ਰਿਹਾ ਸੀ... ਲੋਕ ਚੀਖ ਰਹੇ ਸਨ, ਇਹ ਡਰਾਉਣਾ ਸੀ।"

ਪੁਲਿਸ ਦਾ ਕਹਿਣਾ ਹੈ ਕਿ ਇਹ ਘਟਨਾ ਅੱਤਵਾਦੀ ਹਮਲਾ ਨਹੀਂ ਲੱਗਦੀ, ਪਰ ਕਾਊਂਟਰ ਟੈਰਰਿਜ਼ਮ ਯੂਨਿਟ ਸਹਿਯੋਗ ਦੇ ਰਹੀ ਹੈ।ਇਸ ਹਮਲੇ ਤੋਂ ਬਾਅਦ ਲੰਡਨ ਨਾਰਥ ਈਸਟਰਨ ਰੇਲਵੇ (LNER) ਨੇ ਈਸਟ ਕੋਸਟ ਮੇਨਲਾਈਨ ਰੂਟ 'ਤੇ ਯਾਤਰਾ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ ਅਤੇ ਯਾਤਰੀਆਂ ਨੂੰ ਸਫ਼ਰ ਤੋਂ ਬਚਣ ਦੀ ਅਪੀਲ ਕੀਤੀ।ਇਹ ਹਮਲਾ ਯੂਕੇ ਵਿੱਚ ਆਵਾਜਾਈ ਸੁਰੱਖਿਆ 'ਤੇ ਵੱਡੇ ਸਵਾਲ ਖੜ੍ਹੇ ਕਰ ਰਿਹਾ ਹੈ। ਪ੍ਰਸ਼ਾਸਨ ਨੇ ਕਿਹਾ ਹੈ ਕਿ ਉਹ ਟ੍ਰੇਨਾਂ ਵਿੱਚ ਸੁਰੱਖਿਆ ਪ੍ਰਬੰਧਾਂ ਦੀ ਸਮੀਖਿਆ ਕਰੇਗਾ ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਭਵਿੱਖ ਵਿੱਚ ਰੋਕਿਆ ਜਾ ਸਕੇ।

ਸਮਾਜ ਵੀਕਲੀ ਨਿਊਜ

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਡੇਰਾਬੱਸੀ ਵਿੱਚ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਮੌਕੇ ਵਿਸ਼ਾਲ ਨਗਰ ਕੀਰਤਨ ਦਾ ਸਨਮਾਨ ਨਾਲ ਸਵਾਗਤ




**ਡੇਰਾਬੱਸੀ (ਸੰਜੀਵ ਸਿੰਘ ਸੈਣੀ)** ਸ਼੍ਰੀ ਗੁਰੂ ਨਾਨਕ ਦੇਵ ਜੀ ਦੇ 556ਵੇਂ ਪ੍ਰਕਾਸ਼ ਪੁਰਬ ਮੌਕੇ ਬੁੰਗਾ ਨਿਹਾਲਗੜ੍ਹ ਗੁਰਦੁਆਰਾ ਸਾਹਿਬ ਵੱਲੋਂ ਅੱਜ ਵਿਸ਼ਾਲ ਨਗਰ ਕੀਰਤਨ ਕੱਢਿਆ ਗਿਆ। ਇਹ ਨਗਰ ਕੀਰਤਨ ਸੈਦਪੁਰਾ, ਹੈਬਤਪੁਰਾ ਰੋਡ, ਗੁਲਮੋਹਰ ਅਤੇ ਬਰਵਾਲਾ ਰੋਡ ਤੋਂ ਹੁੰਦਾ ਹੋਇਆ ਸ਼ਾਮ ਵੇਲੇ ਜੀਬੀਪੀ ਸੁਸਾਇਟੀਆਂ ਵਿੱਚ ਪਹੁੰਚਿਆ, ਜਿੱਥੇ ਸਥਾਨਕ ਨਿਵਾਸੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਪਰੰਪਰਿਕ ਰਸਮਾਂ ਅਨੁਸਾਰ ਫੁੱਲ ਵਰਖਾ ਕਰਕੇ ਅਤੇ ਸੇਵਾ ਕਰਕੇ ਸ਼੍ਰਧਾ ਨਾਲ ਸਵਾਗਤ ਕੀਤਾ ਗਿਆ। ਇਸ ਦੌਰਾਨ, ਸਥਾਨਕ ਵਾਸੀਆਂ ਨੇ ਰਾਹੀਂ-ਰਾਹੀਂ ਸ਼ਰਧਾਲੂਆਂ ਨੂੰ ਮਿੱਠਿਆਈ ਅਤੇ ਦੁੱਧ ਦੇ ਲੰਗਰ ਦੀ ਸੇਵਾ ਵੀ ਕੀਤੀ। ਜੀਬੀਪੀ ਸੁਸਾਇਟੀਆਂ ਵੱਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਰੰਗ-ਬਰੰਗੀ ਸਜਾਵਟ, ਆਤਿਸ਼ਬਾਜ਼ੀ ਅਤੇ ਅਨੁਸ਼ਾਸਤ ਸੇਵਾ ਪ੍ਰਬੰਧ ਵਿਸ਼ੇਸ਼ ਧਿਆਨ ਦਾ ਕੇਂਦਰ ਰਹੇ। ਭਾਜਪਾ ਨੇਤਾ ਮਨਪ੍ਰੀਤ ਸਿੰਘ (ਬੰਨੀ) ਸੰਧੂ ਨੇ ਵੀ ਨਗਰ ਕੀਰਤਨ ਵਿੱਚ ਹਾਜਰੀ ਭਰੀ ਮੱਥਾ ਟੇਕਿਆ ਅਤੇ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਾਰੇ ਸ਼ਹਿਰ ਵਾਸੀਆਂ ਨੂੰ ਮੁਬਾਰਕਬਾਦ ਦਿੱਤੀ। ਅਤੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਉਨ੍ਹਾਂ ਨੇ ਕਿਹਾ ਕਿ ਗੁਰੂ ਨਾਨਕ ਸਾਹਿਬ ਜੀ ਦੀ ਸਿੱਖਿਆ — ਸੇਵਾ, ਸੱਚ, ਨਾਮ ਅਤੇ ਸਭ ਨਾਲ ਪ੍ਰੇਮ — ਅਸਲ ਜੀਵਨ ਦਾ ਰਾਹ ਹੈ। ਨਗਰ ਕੀਰਤਨ ਦੇ ਸਮਾਪਤੀ ਉਪਰੰਤ ਗੁਰੂ ਦਾ ਲੰਗਰ ਲਗਭਗ ਰਾਤ 9 ਵਜੇ ਤੱਕ ਨਿਰੰਤਰ ਚਲਦਾ ਰਿਹਾ, ਜਿਸ ਵਿੱਚ ਸੈਕੜਿਆਂ ਦੀ ਗਿਣਤੀ ਵਿੱਚ ਸੰਗਤ ਨੇ ਪ੍ਰਸਾਦ ਦਾ ਅਨੰਦ ਲਿਆ।

# ਜੈਕਾਰਿਆਂ ਦੀ ਗੂੰਜ 'ਚ ਨਵੇਂ ਹੈਡਰੋਲਿਕ ਨਿਸ਼ਾਨ ਸਾਹਿਬ ਦੀ ਹੋਈ ਸਥਾਪਨਾ



**ਗੁਰਦੁਆਰਾ ਸ਼ਹੀਦਾਂ ਫੇਰੂਮਾਨ ਵਿਖੇ ਨਵੇਂ ਸਥਾਪਿਤ ਕੀਤੇ ਜਾ ਰਹੇ ਹੈਡਰੋਲਿਕ ਨਿਸ਼ਾਨ ਸਾਹਿਬ ਸਮੇਂ ਪ੍ਰਬੰਧਕ ਕਮੇਟੀ ਮੈਂਬਰ ਅਤੇ ਸੰਗਤਾਂ।**

**ਲੁਧਿਆਣਾ 2 ਨਵੰਬਰ (ਕਰਨੈਲ ਸਿੰਘ ਐੱਮ.ਏ.):** ਧੰਨ ਧੰਨ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਨੂੰ ਮੁੱਖ ਰੱਖਦਿਆਂ ਅੱਜ ਬ੍ਰਹਮ-ਗਿਆਨੀ, ਸੰਤ ਸ਼੍ਰੋਮਣੀ ਭਗਤ ਬਾਬਾ ਨਾਮਦੇਵ ਜੀ ਦੇ ਜਨਮ- ਦਿਹਾੜੇ ਮੌਕੇ ਸਿੱਖ ਸ਼ਹੀਦਾਂ ਦਾ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦਾਂ ਫ਼ੇਰੂਮਾਨ (ਢੋਲੇਵਾਲ ਚੌਂਕ) ਵਿਖੇ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਗੁਰੂ ਨਾਨਕ ਨਾਮ ਲੇਵਾ ਸੰਗਤਾਂ ਦੇ ਵੱਡਮੁੱਲੇ ਸਹਿਯੋਗ ਨਾਲ 100 ਫੁੱਟ ਤੋਂ ਵੱਧ ਦੀ ਉਚਾਈ ਵਾਲੇ ਹੈਡਰੋਲਿਕ ਨਿਸ਼ਾਨ ਸਾਹਿਬ ਦੀ ਸਥਾਪਨਾ ਜੈਕਾਰਿਆਂ ਦੀ ਗੂੰਜ ਵਿੱਚ ਕੀਤੀ ਗਈ। ਨਿਸਾਨ ਸਾਹਿਬ ਦੀ ਸਥਾਪਨਾ ਤੋਂ ਪਹਿਲਾਂ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੁੱਚੀਆਂ ਸੰਗਤਾਂ ਵੱਲੋਂ ਅਰਦਾਸ ਕੀਤੀ ਗਈ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਐਡਵੋਕੇਟ ਬਲਵਿੰਦਰ ਸਿੰਘ ਲਾਇਲਪੁਰੀ, ਜਤਿੰਦਰਪਾਲ ਸਿੰਘ ਸਲੂਜਾ, ਬੀਬੀ ਹਰਭਜਨ ਕੌਰ ਨੇ ਕਿਹਾ ਕਿ ਨਿਸ਼ਾਨ ਸਾਹਿਬ ਸਿੱਖ ਧਰਮ ਦੀ ਸ਼ਾਨ, ਆਤਮਗੌਰਵ ਅਤੇ ਖਾਲਸਾ ਪੰਥ ਦਾ ਨਿਸ਼ਾਨ ਹੈ। ਉਨ੍ਹਾਂ ਦੱਸਿਆ ਕਿ ਇਹ ਪਹਿਲੀ ਵਾਰ ਸੰਨ 1609 ਵਿੱਚ ਸ੍ਰੀ ਅਕਾਲ ਤਖਤ ਸਾਹਿਬ ਤੇ ਲਗਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਇਸ ਹੈਡਰੋਲਿਕ ਨਿਸ਼ਾਨ ਸਾਹਿਬ ਦੀ ਸਥਾਪਨਾ ਨਾਲ ਬਹੁਤ ਵੱਡੀ ਸਹੂਲਤ ਵੀ ਪ੍ਰਾਪਤ ਹੋਵੇਗੀ। ਇਸ ਮੌਕੇ ਤੇਜਿੰਦਰ ਸਿੰਘ ਡੰਗ, ਤਰਲੋਚਨ ਸਿੰਘ ਬੱਬਰ, ਅਰਜਨ ਸਿੰਘ ਚੀਮਾ, ਇੰਦਰਜੀਤ ਸਿੰਘ ਮੱਕੜ, ਸੁਰਜੀਤ ਸਿੰਘ ਮਠਾੜੂ, ਸੁਰਜੀਤ ਸਿੰਘ ਰੁੜਕਾ ਖੁਰਦ, ਪਰਮਜੀਤ ਸਿੰਘ, ਕਰਨਵੀਰ ਕੁਮਾਰ, ਬਲਜਿੰਦਰ ਕੌਰ, ਗੁਰਿੰਦਰ ਕੌਰ, ਤਨਵੀਰ ਕੌਰ, ਡਾ: ਅੰਮ੍ਰਿਤਦੀਪ ਕੌਰ, ਅੰਮ੍ਰਿਤਪਾਲ ਕੌਰ, ਲਖਵਿੰਦਰ ਸਿੰਘ ਲੱਖਾ, ਅਵਤਾਰ ਸਿੰਘ ਪਨੇਸਰ, ਪ੍ਰੀਤਮ ਸਿੰਘ ਮਣਕੂ, ਬਲਜੀਤ ਸਿੰਘ ਦੁਖੀਆ, ਸੁਰਿੰਦਰ ਸਿੰਘ ਨਾਰੰਗ, ਸੁਰਿੰਦਰਜੀਤ ਸਿੰਘ ਮੱਕੜ, ਗੁਰਦੇਵ ਸਿੰਘ ਖੁੱਲਰ, ਪਰਮਿੰਦਰ ਸਿੰਘ, ਦਵਿੰਦਰ ਸਿੰਘ ਸਿੱਬਲ, ਸਵਰਨ ਸਿੰਘ ਮਹੌਲੀ, ਸੁਨੀਲ ਕੁਮਾਰ, ਰਵਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

# ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਬੈਡਮਿੰਟਨ ਚੈਂਪੀਅਨਸ਼ਿਪ ਦਾ ਉਦਘਾਟਨ ਕੀਤਾ




**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਵਰਧਮਾਨ ਸਪੈਸ਼ਲ ਸਟੀਲ ਲਿਮਟਿਡ ਪੰਜਾਬ ਸਟੇਟ ਸਬ ਜੂਨੀਅਰ ਬੈਡਮਿੰਟਨ ਚੈਂਪੀਅਨਸ਼ਿਪ 2025-26, ਅੰਡਰ 15, ਅੰਡਰ 17, ਮੁੰਡਿਆਂ ਅਤੇ ਕੁੜੀਆਂ ਲਈ ਅੱਜ ਸਵੇਰੇ ਲੁਧਿਆਣਾ ਦੇ ਸ਼ਾਸਤਰੀ ਬੈਡਮਿੰਟਨ ਹਾਲ ਅਤੇ ਸਤਲੁਜ ਕਲੱਬ ਵਿੱਚ ਸ਼ੁਰੂ ਹੋ ਗਿਆ ਹੈ। ਇਸ ਟੂਰਨਾਮੈਂਟ ਦਾ ਉਦਘਾਟਨ ਮੁੱਖ ਮਹਿਮਾਨ, ਪੰਜਾਬ ਦੇ ਕੈਬਨਿਟ ਮੰਤਰੀ ਸ਼੍ਰੀ ਸੰਜੀਵ ਅਰੋੜਾ ਜੀ ਨੇ ਕੀਤਾ। ਇਸ ਮੌਕੇ ਤੇ ਵਰਧਮਾਨ ਸਪੈਸ਼ਲ ਸਟੀਲ ਲਿਮਟਿਡ ਦੇ ਚੇਅਰਮੈਨ-ਐਮ.ਡੀ. ਸ਼੍ਰੀ ਸਚਿਤ ਜੈਨ ਜੀ ਗੈਸਟ ਆਫ ਆਨਰ ਸਨ। ਇਸ ਟੂਰਨਾਮੈਂਟ ਵਿੱਚ 500 ਤੋਂ ਵੱਧ ਖਿਲਾੜੀ ਭਾਗ ਲੈ ਰਹੇ ਹਨ ਅਤੇ ਇਸ ਦਾ ਫਾਈਨਲ ਪੰਜ ਨਵੰਬਰ 2025 ਨੂੰ ਹੋਵੇਗਾ। ਮਾਨਯੋਗ ਮਹਿਮਾਨਾਂ ਦਾ ਸਵਾਗਤ ਕਰਦੇ ਸਮੇਂ ਡਿਸਟਰਿਕਟ ਬੈਡਮਿੰਟਨ ਐਸੋਸੀਏਸ਼ਨ ਲੁਧਿਆਣਾ ਦੇ ਪ੍ਰਧਾਨ ਸ਼੍ਰੀ ਮਹਿੰਦਰ ਸਿੰਘ ਗਰੇਵਾਲ ਨੇ ਸ਼੍ਰੀ ਅਰੋੜਾ ਜੀ ਦੇ ਖਾਸ ਕਰਕੇ ਬੈਡਮਿੰਟਨ ਅਤੇ ਆਮ ਤੌਰ ਤੇ ਸਾਰੀਆਂ ਖੇਡਾਂ ਦੀ ਭਲਾਈ ਲਈ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਮੁੱਖ ਮਹਿਮਾਨ ਸ਼੍ਰੀ ਸੰਜੀਵ ਅਰੋੜਾ ਜੀ ਨੇ ਖਿਡਾਰੀਆਂ ਦੀ ਹੌਂਸਲਾ ਵਧਾਈ ਕਰਦੇ ਸਮੇਂ ਬੈਡਮਿੰਟਨ ਦੇ ਭਲੇ ਲਈ ਕਾਰਜਾਂ ਵਿੱਚ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਤੇ ਲੁਧਿਆਣੇ ਦੇ ਅਡੀਸ਼ਨਲ ਡਿਪਟੀ ਕਮਿਸ਼ਨਰ ਸ਼੍ਰੀ ਅਮਰਜੀਤ ਸਿੰਘ ਬੈਂਸ, ਡਿਸਟਰਿਕਟ ਸਪੋਰਟਸ ਅਫਸਰ ਸ਼੍ਰੀ ਕੁਲਦੀਪ ਚੁੱਘ, ਇੰਟਰਮ ਕਮੇਟੀ ਦੇ ਸਕੱਤਰ ਡਾਕਟਰ ਸੁਲਬਾ ਜਿੰਦਲ, ਡਿਸਟਰਿਕਟ ਬੈਡਮਿੰਟਨ ਐਸੋਸੀਏਸ਼ਨ ਦੇ ਮੀਤ ਪ੍ਰਧਾਨ ਸ਼੍ਰੀ ਵਿਪਨ ਡਾਵਰ, ਟੈਕਨੀਕਲ ਸਕੱਤਰ ਸ਼੍ਰੀ ਚਰਨਜੀਤ ਸਿੰਘ, ਸੀਨੀਅਰ ਕੋਚ ਸ਼੍ਰੀ ਮੰਗਤ ਸ਼ਰਮਾ ਔਰਗਨਾਈਜਿੰਗ ਸੈਕਟਰੀ ਸ਼੍ਰੀ ਗਗਨ ਕਪਲਾ ਅਤੇ ਸ਼੍ਰੀ ਅਨੰਦ ਤਿਵਾੜੀ ਵੀ ਹਾਜ਼ਰ ਸਨ।

# ਗ੍ਰਾਮ ਪੰਚਾਇਤ ਠੱਟਾ ਵੱਲੋਂ ਸਰਕਾਰੀ ਹਾਈ ਸਕੂਲ ਨੂੰ ਇੰਨਵਰਟਰ ਭੇਂਟ

**ਕਪੂਰਥਲਾ ( ਕੌੜਾ )–** ਗ੍ਰਾਮ ਪੰਚਾਇਤ ਠੱਟਾ ਨਵਾਂ ਵੱਲੋਂ ਸਰਪੰਚ ਸੁਖਵਿੰਦਰ ਸਿੰਘ ਸੌਂਦ ਦੀ ਅਗਵਾਈ ਹੇਠ ਬੱਚਿਆਂ ਦੀਆਂ ਲੋੜਾਂ ਨੂੰ ਮੁੱਖ ਰੱਖਦਿਆਂ ਹੋਇਆਂ ਸਰਕਾਰੀ ਹਾਈ ਸਕੂਲ ਠੱਟਾ ਨਵਾਂ ਨੂੰ ਇੰਨਵਰਟਰ ਭੇਂਟ ਕੀਤਾ ਗਿਆ । ਇਸ ਮੌਕੇ ਸਕੂਲ ਇੰਚਾਰਜ ਗੁਰਬਖਸ਼ ਕੌਰ ਦੀ ਅਗਵਾਈ ਹੇਠ ਕਰਵਾਏ ਸਮਾਗਮ ਦੌਰਾਨ ਬੋਲਦਿਆਂ ਸਰਪੰਚ ਸੁਖਵਿੰਦਰ ਸਿੰਘ ਸੌਂਦ ਨੇ ਕਿਹਾ ਕਿ ਬੱਚਿਆਂ ਦੇ ਚੰਗੇ ਭਵਿੱਖ ਲਈ ਉਨ੍ਹਾਂ ਦੀ ਸਿੱਖਿਆ ਵੱਲ ਵਿਸ਼ੇਸ਼ ਧਿਆਨ ਦੇਣ ਦੀ ਲੋੜ ਹੈ ਅਤੇ ਉਨ੍ਹਾਂ ਦੀਆਂ ਲੋੜਾਂ ਪੂਰੀਆਂ ਕਰਨਾ ਸਾਡਾ ਫਰਜ਼ ਹੈ।ਉਹਨਾਂ ਨੇ ਕਿਹਾ ਕਿ ਸਕੂਲਾਂ ਵਿੱਚ ਪੜ੍ਹ ਰਹੇ ਬੱਚੇ ਆਉਣ ਵਾਲੇ ਸਮੇਂ ਵਿੱਚ ਦੇਸ਼ ਦਾ ਭਵਿੱਖ ਹਨ। ਇਹਨਾਂ ਬੱਚਿਆਂ ਨੇ ਹੀ ਦੇਸ਼ ਦੀ ਵੱਖ ਵੱਖ ਖੇਤਰਾਂ ਵਿੱਚ ਸੇਵਾ ਕਰਨੀ ਹੈ। ਉਹਨਾਂ ਨੇ ਕਿਹਾ ਕਿ ਪੰਚਾਇਤ ਨੇ ਆਪਣਾ ਫਰਜ਼ ਸਮਝਦੇ ਹੋਏ ਕੰਪਿਊਟਰ ਲੈਬ ਨੂੰ ਇਨਵਰਟਰ ਅਤੇ ਬੈਟਰਾ ਦਾਨ ਕੀਤਾ ਹੈ ਤਾਂ ਜੋ ਬੱਚਿਆਂ ਨੂੰ ਸਿੱਖਿਆ ਪ੍ਰਾਪਤ ਕਰਨ ਵੇਲੇ ਬਿਜਲੀ ਬੰਦ ਹੋਣ ਤੇ ਵੀ ਕੋਈ ਦਿੱਕਤ ਨਾ ਆਵੇ। ਇਸ ਮੌਕੇ ਸਕੂਲ ਇੰਚਾਰਜ ਗੁਰਬਖਸ਼ ਕੌਰ ਨੇ ਸਮੁੱਚੀ ਗ੍ਰਾਮ ਪੰਚਾਇਤ ਦਾ ਉਚੇਚੇ ਤੌਰ ਤੇ ਧੰਨਵਾਦ ਕਰਦਿਆਂ ਕਿਹਾ ਕਿ ਉਹਨਾਂ ਵੱਲੋਂ ਕੀਤਾ ਗਿਆ ਇਹ ਉਪਰਾਲਾ ਗਿਆਨ ਪ੍ਰਾਪਤ ਕਰ ਰਹੇ ਬੱਚਿਆਂ ਲਈ ਲਾਹੇਵੰਦ ਸਾਬਤ ਹੋਵੇਗਾ। ਇਸ ਮੌਕੇ ਉਹਨਾਂ ਨੇ ਸਮੂਹ ਪੰਚਾਇਤ ਅਤੇ ਨਗਰ ਨਿਵਾਸੀਆਂ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਸਕੂਲ ਵਿੱਚ ਪੜ੍ਹਾਈ ਦੇ ਮਿਆਰ ਨੂੰ ਉੱਚਾ ਰੱਖਣਗੇ ਅਤੇ ਬੱਚਿਆਂ ਦੇ ਚੰਗੇ ਭਵਿੱਖ ਲਈ ਸਖਤ ਮਿਹਨਤ ਕਰਦੇ ਰਹਿਣਗੇ। ਉਹਨਾਂ ਨੇ ਕਿਹਾ ਕਿ ਜਿਸ ਤਰ੍ਹਾਂ ਪਿਛਲੇ ਸਾਲਾਂ ਵਿੱਚ ਸਕੂਲ ਦੇ ਵਿਦਿਆਰਥੀਆਂ ਨੇ ਸਲਾਨਾ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ ਹੈ, ਇਸੇ ਤਰ੍ਹਾਂ ਆਉਣ ਵਾਲੇ ਸਮੇਂ ਵਿੱਚ ਵੀ ਉਹ ਇਸ ਪਰੰਪਰਾ ਨੂੰ ਕਾਇਮ ਰੱਖਣਗੇ। ਇਸ ਮੌਕੇ ਪੰਚ ਗੁਲਜਾਰ ਸਿੰਘ, ਪੰਚ ਬਲਵੀਰ ਸਿੰਘ, ਪੰਚ ਬਲਵਿੰਦਰ ਸਿੰਘ, ਪੰਚ ਜਸਵੰਤ ਸਿੰਘ ਜੱਸਾ, ਪੰਚ ਮਲਕੀਤ ਸਿੰਘ, ਚਰਨਜੀਤ ਸਿੰਘ ਮੋਮੀ, ਗੁਰਦੀਪ ਸਿੰਘ ਵਲੈਤੀਆ , ਦਲਜੀਤ ਸਿੰਘ ਲਾਡੀ ,ਬਖਸ਼ੀਸ਼ ਸਿੰਘ ਚੇਲਾ, ਲਖਵੀਰ ਸਿੰਘ, ਸਕੂਲ ਅਧਿਆਪਕ ਰਣਜੀਤ ਕੌਰ ,ਜਸਵਿੰਦਰ ਕੌਰ, ਰਵੀ ਮੋਹਨ, ਗੁਰਪ੍ਰੀਤ ਕੌਰ, ਸਰਬਜੀਤ ਕੌਰ ,ਗੁਰਮੀਤ ਕੌਰ, ਗਗਨਜੀਤ ਸਿੰਘ, ਸੀਐਚਟੀ ਰਾਮ ਸਿੰਘ ਆਦਿ ਹਾਜ਼ਰ ਸਨ।



ਸਰਕਾਰੀ ਹਾਈ ਸਕੂਲ ਠੱਟਾ ਨਵਾਂ ਨੂੰ ਇੰਨਵਰਟਰ ਭੇਂਟ ਕਰਦੇ ਹੋਏ ਸਰਪੰਚ ਸੁਖਵਿੰਦਰ ਸਿੰਘ ਸੌਂਦ, ਉਨ੍ਹਾਂ ਨਾਲ ਪੰਚਾਇਤ ਮੈਂਬਰ ਅਤੇ ਸਕੂਲ ਇੰਚਾਰਜ ਗੁਰਬਖਸ਼ ਕੌਰ ਤੇ ਸਟਾਫ।

# ਸੰਤ ਮਹੇਸ਼ ਮੂਨੀ ਜੀ ਮਹਾਰਾਜ ਦੀ ਯਾਦ ਵਿੱਚ ਸ਼ਰਧਾ ਭਰਿਆ ਸਮਾਗਮ

**● ਸੰਗਤਾਂ ਦੀ ਭਾਰੀ ਹਾਜ਼ਰੀ ਨਾਲ ਗੂੰਜਿਆ ਮਹਿਲ ਕਲਾ ਦਾ ਕਮਿਊਨਿਟੀ ਸੈਂਟਰ ● ਬਾਬਾ ਸੇਰ ਸਿੰਘ ਖਾਲਸਾ ਵੱਲੋਂ ਸੰਗਤਾਂ ਨੂੰ ਗੁਰੂ ਦੀ ਸਿੱਖਿਆ — "ਸੇਵਾ, ਸਿਮਰਨ ਤੇ ਸਾਂਝ" — ਦਾ ਅਰਥ ਸਮਝਾਇਆ। ● ਸਮਾਗਮ ਦਾ ਮਾਹੌਲ ਪੂਰੀ ਤਰ੍ਹਾਂ ਭਗਤੀ, ਪਿਆਰ ਅਤੇ ਸਾਂਝ ਦੀ ਮਹਿਕ ਨਾਲ ਰੰਗਿਆ ਹੋਇਆ ਸੀ। ● ਬੋਲੇ ਸੋ ਨਿਹਾਲ – ਸਤਿ ਸ੍ਰੀ ਅਕਾਲ" ਦੇ ਨਾਅਰੇ ਗੂੰਜੇ, ਜਿਸ ਨਾਲ ਸਮਾਗਮ ਦਾ ਪੂਰਾ ਮਾਹੌਲ ਗੁਰਮਤੀ ਬਾਣੀ ਦੀ ਧੁਨ ਨਾਲ ਭਰ ਗਿਆ। ● ਗੁਰਬਾਣੀ ਦੇ ਸ਼ਬਦਾਂ ਨੇ ਹਰੇਕ ਦੇ ਹਿਰਦੇ ਵਿੱਚ ਸ਼ਾਂਤੀ ਅਤੇ ਪ੍ਰੇਰਨਾ ਦਾ ਸੰਦੇਸ਼ ਭਰ ਦਿੱਤਾ ● ਸਮਾਗਮ ਤੋਂ ਬਾਅਦ ਵਿਸ਼ਾਲ ਲੰਗਰ ਦਾ ਪ੍ਰਬੰਧ ਕੀਤਾ ਗਿਆ। ● ਸਰਬ ਧਰਮ ਸਾਂਝੀ ਗੌਸ਼ਾਲਾ ਕਮੇਟੀ ਦੀ ਮਹਿਲਾ ਸੇਵਾ ਟੀਮ ਵੱਲੋਂ ਲੰਗਰ ਦੀ ਸੇਵਾ ਬਹੁਤ ਹੀ ਸੁਚੱਜੇ ਤੇ ਸ਼ਰਧਾ ਭਰੇ ਢੰਗ ਨਾਲ ਨਿਭਾਈ ਗਈ**

**ਮਹਿਲ ਕਲਾ (ਗੁਰਭਿੰਦਰ ਗੁਰੀ )** ਸੋਢਾ ਕਮਿਊਨਿਟੀ ਸੈਂਟਰ, ਮਹਿਲ ਕਲਾ ਵਿਖੇ ਇੱਕ ਵਿਸ਼ਾਲ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜੋ ਕਿ ਸੰਤ ਮਹੇਸ਼ ਮੁਨੀ ਜੀ ਮਹਾਰਾਜ ਦੀ ਪਵਿੱਤਰ ਯਾਦ ਨੂੰ ਸਮਰਪਿਤ ਸੀ। ਇਸ ਸਮਾਗਮ ਦਾ ਪ੍ਰਬੰਧ ਸਰਬ ਧਰਮ ਸਾਂਝੀ ਗੌਸ਼ਾਲਾ ਕਮੇਟੀ ਅਤੇ ਮੰਦਰ ਕਮੇਟੀ ਦੇ ਸਹਿਯੋਗ ਨਾਲ ਕੀਤਾ ਗਿਆ ਸੀ। ਸਮਾਗਮ ਵਿੱਚ ਭਾਰੀ ਗਿਣਤੀ ਵਿੱਚ ਸੰਗਤਾਂ ਨੇ ਹਾਜ਼ਰੀ ਭਰੀ ਅਤੇ ਆਪਣੀ ਸ਼ਰਧਾ ਦਾ ਪ੍ਰਗਟਾਵਾ ਕੀਤਾ। ਇਸ ਧਾਰਮਿਕ ਇਕੱਠ ਦੀ ਸ਼ੁਰੂਆਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੇ ਭੋਗ ਨਾਲ ਕੀਤੀ ਗਈ। ਸੰਗਤਾਂ ਨੇ ਗੁਰੂ ਦੀ ਬਾਣੀ ਦਾ ਪਾਠ ਸੁਣ ਕੇ ਆਪਣੇ ਮਨ ਨੂੰ ਪਵਿੱਤਰ ਕੀਤਾ। ਗੁਰਬਾਣੀ ਦੇ ਸ਼ਬਦਾਂ ਨੇ ਹਰੇਕ ਦੇ ਹਿਰਦੇ ਵਿੱਚ ਸ਼ਾਂਤੀ ਅਤੇ ਪ੍ਰੇਰਨਾ ਦਾ ਸੰਦੇਸ਼ ਭਰ ਦਿੱਤਾ। ਸਮਾਗਮ ਦਾ ਮਾਹੌਲ ਪੂਰੀ ਤਰ੍ਹਾਂ ਭਗਤੀ, ਪਿਆਰ ਅਤੇ ਸਾਂਝ ਦੀ ਮਹਿਕ ਨਾਲ ਰੰਗਿਆ ਹੋਇਆ ਸੀ। ਰਾਗੀ ਜਗਸੀਰ ਸਿੰਘ ਸੀਰਾ ਵੱਲੋਂ ਰਸਮਈ ਕੀਰਤਨ ਸਮਾਗਮ ਦਾ ਸਭ ਤੋਂ ਪ੍ਰੇਰਕ ਪਲ ਉਹ ਸੀ ਜਦੋਂ ਪ੍ਰਸਿੱਧ ਰਾਗੀ ਜਗਸੀਰ ਸਿੰਘ ਸੀਰਾ ਜੀ ਨੇ ਗੁਰਬਾਣੀ ਦੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਦੇ ਲੜ ਨਾਲ ਜੋੜ ਦਿੱਤਾ। ਉਨ੍ਹਾਂ ਦੀ ਆਵਾਜ਼ ਅਤੇ ਸ਼ਬਦਾਂ ਦੀ ਮਿੱਠਾਸ ਨੇ ਹਰੇਕ ਮਨੁੱਖ ਦੇ ਹਿਰਦੇ ਨੂੰ ਛੂਹ ਲਿਆ। ਉਨ੍ਹਾਂ ਨੇ "ਸਭਨਾ ਜੀਆ ਕਾ ਇਕ ਦਾਤਾ, ਸੋ ਮੈ ਵਿਸਰਿ ਨ ਜਾਈ" ਵਰਗੇ ਸ਼ਬਦਾਂ ਨਾਲ ਮਨੁੱਖਤਾ ਅਤੇ ਸਾਂਝ ਦਾ ਸੰਦੇਸ਼ ਦਿੱਤਾ। ਸੰਗਤਾਂ ਵੱਲੋਂ ਉਨ੍ਹਾਂ ਦੀ ਪ੍ਰਸਤੁਤੀ ਦੌਰਾਨ "ਬੋਲੇ ਸੋ ਨਿਹਾਲ – ਸਤਿ ਸ੍ਰੀ ਅਕਾਲ" ਦੇ ਨਾਅਰੇ ਗੂੰਜੇ, ਜਿਸ ਨਾਲ ਸਮਾਗਮ ਦਾ ਪੂਰਾ ਮਾਹੌਲ ਗੁਰਮਤੀ ਬਾਣੀ ਦੀ ਧੁਨ ਨਾਲ ਭਰ ਗਿਆ। ਬਾਬਾ ਸੇਰ ਸਿੰਘ ਖਾਲਸਾ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਸਮਾਗਮ ਦੀ ਅਗਵਾਈ ਬਾਬਾ ਸੇਰ ਸਿੰਘ ਖਾਲਸਾ ਜੀ ਵੱਲੋਂ ਪ੍ਰਾਰਥਨਾ ਨਾਲ ਕੀਤੀ ਗਈ। ਉਨ੍ਹਾਂ ਨੇ ਆਏ ਹੋਏ ਸਾਰੇ ਸੰਗਤਾਂ ਨੂੰ ਗੁਰੂ ਦੀ ਸਿੱਖਿਆ — "ਸੇਵਾ, ਸਿਮਰਨ ਤੇ ਸਾਂਝ" — ਦਾ ਅਰਥ ਸਮਝਾਇਆ।ਉਨ੍ਹਾਂ ਨੇ ਕਿਹਾ ਕਿ ਸੰਤ ਮਹੇਸ਼ ਮੁਨੀ ਜੀ ਦਾ ਜੀਵਨ ਸਾਨੂੰ ਇਹ ਸਿਖਾਉਂਦਾ ਹੈ ਕਿ ਧਰਮ, ਦਇਆ ਅਤੇ ਨਿਮਰਤਾ ਮਨੁੱਖੀ ਜੀਵਨ ਦੇ ਅਸਲੀ ਗਹਿਣੇ ਹਨ। ਬਾਬਾ ਜੀ ਨੇ ਬੇਨਤੀ ਕੀਤੀ ਕਿ ਹਰ ਵਿਅਕਤੀ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਗੁਰੂ ਬਾਣੀ ਦੇ ਸਿਧਾਂਤਾਂ ਨੂੰ ਅਪਣਾਉਣਾ ਚਾਹੀਦਾ ਹੈ, ਕਿਉਂਕਿ ਸੇਵਾ ਅਤੇ ਸਿਮਰਨ ਹੀ ਸੱਚੇ ਸੁਖ ਦੀ ਕੁੰਜੀ ਹਨ। ਲੰਗਰ ਸੇਵਾ ਨੇ ਸੰਗਤਾਂ ਦੇ ਦਿਲ ਜਿੱਤੇ ਸਮਾਗਮ ਤੋਂ ਬਾਅਦ ਵਿਸ਼ਾਲ ਲੰਗਰ ਦਾ ਪ੍ਰਬੰਧ ਕੀਤਾ ਗਿਆ। ਸਰਬ ਧਰਮ ਸਾਂਝੀ ਗੌਸ਼ਾਲਾ ਕਮੇਟੀ ਦੀ ਮਹਿਲਾ ਸੇਵਾ ਟੀਮ ਵੱਲੋਂ ਲੰਗਰ ਦੀ ਸੇਵਾ ਬਹੁਤ ਹੀ ਸੁਚੱਜੇ ਤੇ ਸ਼ਰਧਾ ਭਰੇ ਢੰਗ ਨਾਲ ਨਿਭਾਈ ਗਈ। ਤਾਜ਼ੇ ਤੇ ਸੁਆਦੀ ਪ੍ਰਸਾਦ ਨੇ ਸੰਗਤਾਂ ਨੂੰ ਗੁਰੂ ਦੇ ਲੰਗਰ ਦੀ ਮਿੱਠਾਸ ਦਾ ਅਨੁਭਵ ਕਰਵਾਇਆ। ਹਰੇਕ ਹਿਸੇਦਾਰ — ਚਾਹੇ ਉਹ ਬਜ਼ੁਰਗ ਸੀ ਜਾਂ ਨੌਜਵਾਨ — ਸਭ ਨੇ ਇਕੱਠੇ ਬੈਠ ਕੇ ਲੰਗਰ ਛਕਿਆ, ਜਿਸ ਨਾਲ ਸਾਂਝ ਤੇ ਸਮਾਨਤਾ ਦਾ ਸੁੰਦਰ ਉਦਾਹਰਨ ਪ੍ਰਗਟ ਹੋਇਆ। ਮੁੱਖ ਮਹਿਮਾਨਾਂ ਤੇ ਪ੍ਰਬੰਧਕਾਂ ਦੀ ਹਾਜ਼ਰੀ ਸਮਾਗਮ ਵਿੱਚ ਪ੍ਰਧਾਨ ਮਨਜੀਤ ਸ਼ਰਮਾਂ - ਸੰਦੀਪ ਸ਼ਰਮਾ, ਗੁਰਭਿੰਦਰ ਗੁਰੀ ਜਸਪਾਲ ਵਰਮਾ ( ਜੱਸੂ)ਜੁਗਰੂਪ ਸਿੰਘ ਗਿਆਨੀ ,ਮਿੱਠਾ ਇਲੈਕਟ੍ਰੀਸ਼ਨ" ਸਵਾਸ ਸਵਾਸੀ ਸੁਰਿੰਦਰ ਕੁਮਾਰ ਕਾਲਾ ਮਨਦੀਪ ਸਿੰਘ, ਚੰਦ੍ਰਮੋਹਨ ਸਿੰਘ, ਮਲਕੀਤ ਸਿੰਘ ਢਿੱਲੋਂ, ਸਵਰਨ ਸਿੰਘ ਖਾਲਸਾ, ਮਹਿੰਦਰ ਸਿੰਘ, ਸਤਨਾਮ ਸਿੰਘ ਖਾਲਸਾ, ਨਰਿੰਦਰ ਕੁਮਾਰ, ਰਿੰਕੂ ਕੁਮਾਰ, ਅਤੇ ਮਿੱਠਾ ਇਲੈਕਟ੍ਰੀਸ਼ੀਅਨ ਨਾਮਦੇਵ ਹਾਊਸ ਆਦਿ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ। ਸਾਰੇ ਮਹਿਮਾਨਾਂ ਨੇ ਸੰਤ ਮਹੇਸ਼ ਮੁਨੀ ਜੀ ਦੀਆਂ ਸਿੱਖਿਆਵਾਂ ਤੇ ਉਨ੍ਹਾਂ ਦੀ ਅਨੁਕਰਣਯੋਗ ਜੀਵਨ ਸ਼ੈਲੀ ਬਾਰੇ ਆਪਣੇ ਵਿਚਾਰ ਪ੍ਰਗਟ ਕੀਤੇ। ਉਨ੍ਹਾਂ ਨੇ ਕਿਹਾ ਕਿ ਸੰਤ ਮਹੇਸ਼ ਮੁਨੀ ਜੀ ਦਾ ਜੀਵਨ ਸੱਚਮੁੱਚ ਇੱਕ ਮਿਸਾਲ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਪ੍ਰੇਰਣਾ ਦਾ ਸਰੋਤ ਹੈ। ਸੰਤ ਮਹੇਸ਼ ਮੁਨੀ ਜੀ ਦਾ ਜੀਵਨ ਅਤੇ ਉਪਦੇਸ਼ ਸੰਤ ਮਹੇਸ਼ ਮੁਨੀ ਜੀ ਮਹਾਰਾਜ ਦਾ ਜੀਵਨ ਸੇਵਾ ਅਤੇ ਆਤਮਿਕਤਾ ਦੀ ਪ੍ਰਤੀਕ ਰਿਹਾ ਹੈ। ਉਨ੍ਹਾਂ ਨੇ ਹਮੇਸ਼ਾ ਮਨੁੱਖਤਾ ਦੀ ਸੇਵਾ ਨੂੰ ਆਪਣਾ ਧਰਮ ਮੰਨਿਆ। ਉਹ ਕਹਿੰਦੇ ਸਨ — ਉਨ੍ਹਾਂ ਦੀ ਸਾਦਗੀ, ਸਤਚਾਰਤਾ ਅਤੇ ਮਨੁੱਖਤਾ ਪ੍ਰਤੀ ਸਮਰਪਣ ਨੇ ਲੋਕਾਂ ਦੇ ਦਿਲਾਂ 'ਤੇ ਅਮਿੱਟ ਛਾਪ ਛੱਡੀ ਹੈ। ਅੱਜ ਵੀ ਉਨ੍ਹਾਂ ਦੇ ਸਿੱਖ ਅਤੇ ਪ੍ਰੇਮੀ ਉਨ੍ਹਾਂ ਦੀਆਂ ਸਿੱਖਿਆਵਾਂ ਤੇ ਅਮਲ ਕਰਦੇ ਹੋਏ ਲੋਕ-ਭਲਾਈ ਦੇ ਕੰਮਾਂ ਵਿੱਚ ਜੁਟੇ ਹੋਏ ਹਨ। ਧੰਨਵਾਦ ਤੇ ਸਮਾਪਤੀ ਸਮਾਗਮ ਦੇ ਅੰਤ ਵਿੱਚ ਮਨਜੀਤ ਸ਼ਰਮਾਂ ਵੱਲੋਂ ਸਾਰੇ ਆਏ ਹੋਏ ਮਹਿਮਾਨਾਂ ਅਤੇ ਸੰਗਤਾਂ ਦਾ ਤਹਿ-ਦਿਲੋਂ ਧੰਨਵਾਦ ਕੀਤਾ ਗਿਆ। ਬਾਬਾ ਸੇਰ ਸਿੰਘ ਖਾਲਸਾ ਨੇ ਅਰਦਾਸ ਕਰਕੇ ਸੰਤ ਮਹੇਸ਼ ਮੁਨੀ ਜੀ ਮਹਾਰਾਜ ਦੇ ਚਰਨਾਂ ਵਿੱਚ ਸਿਰ ਨਿਵਾਇਆ ਅਤੇ ਸਭ ਨੂੰ ਪਿਆਰ, ਸਹਿਯੋਗ ਅਤੇ ਏਕਤਾ ਦਾ ਸੰਦੇਸ਼ ਦਿੱਤਾ। ਇਸ ਧਾਰਮਿਕ ਸਮਾਗਮ ਨੇ ਇਹ ਸਾਬਤ ਕਰ ਦਿੱਤਾ ਕਿ ਸੰਤ ਮਹੇਸ਼ ਮੁਨੀ ਜੀ ਦੀਆਂ ਸਿੱਖਿਆਵਾਂ ਅੱਜ ਵੀ ਲੋਕਾਂ ਦੇ ਦਿਲਾਂ ਵਿੱਚ ਜੀਵੰਤ ਹਨ ਅਤੇ ਉਨ੍ਹਾਂ ਦੀ ਯਾਦ ਸਦਾ ਭਗਤੀ ਅਤੇ ਮਨੁੱਖਤਾ ਦੀ ਰਾਹ ਦਿਖਾਉਂਦੀ ਰਹੇਗੀ।









# ਰੇਲ ਕੋਚ ਫੈਕਟਰੀ, ਵਿਖੇ ਵਿਜੀਲੈਂਸ ਜਾਗਰੂਕਤਾ ਹਫ਼ਤਾ ਸਮਾਪਤ

**ਕਪੂਰਥਲਾ, 2 ਨਵੰਬਰ (ਕੌੜਾ)–** ਰੇਲ ਕੋਚ ਫੈਕਟਰੀ ਕਪੂਰਥਲਾ ਵਿਖੇ ਮਨਾਇਆ ਜਾ ਰਿਹਾ ਵਿਜੀਲੈਂਸ ਜਾਗਰੂਕਤਾ ਹਫ਼ਤਾ 2025 ਆਰ ਸੀ ਐੱਫ ਵਿਚ ਇਮਾਨਦਾਰੀ, ਪਾਰਦਰਸ਼ਤਾ ਅਤੇ ਜਵਾਬਦੇਹੀ ਪ੍ਰਤੀ ਇੱਕ ਨਵੇਂ ਸੰਕਲਪ ਨਾਲ ਸਮਾਪਤ ਹੋਇਆ। ਕੇਂਦਰੀ ਵਿਜੀਲੈਂਸ ਕਮਿਸ਼ਨ (ਸੀ ਵੀ ਸੀ) ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ "ਵਿਜੀਲੈਂਸ: ਸਾਡੀ ਸਾਂਝੀ ਜ਼ਿੰਮੇਵਾਰੀ" ਥੀਮ ਅਧੀਨ ਹਫ਼ਤਾ ਭਰ ਚੱਲਣ ਵਾਲੀ ਇਸ ਮੁਹਿੰਮ ਦਾ ਆਯੋਜਨ ਕੀਤਾ ਗਿਆ ਸੀ।

ਕਰਮਚਾਰੀਆਂ ਅਤੇ ਜਨਤਾ ਵਿੱਚ ਨੈਤਿਕ ਆਚਰਣ ਨੂੰ ਉਤਸ਼ਾਹਿਤ ਕਰਨ ਲਈ ਆਰ ਸੀ ਐਫ ਦੇ ਵੱਖ-ਵੱਖ ਵਿਭਾਗਾਂ ਅਤੇ ਸਕੂਲਾਂ ਵਿੱਚ ਸੈਮੀਨਾਰ, ਇਮਾਨਦਾਰੀ ਸਹੁੰ ਸਮਾਰੋਹ, ਭਾਸ਼ਣ ਅਤੇ ਪੇਂਟਿੰਗ ਮੁਕਾਬਲੇ, ਪੋਸਟਰ ਅਤੇ ਬੈਨਰ ਡਿਸਪਲੇਅ, ਆਊਟਰੀਚ ਪ੍ਰੋਗਰਾਮਾਂ ਸਮੇਤ ਕਈ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਹਫ਼ਤੇ ਦਾ ਸਮਾਪਨ ਇੱਕ ਵਿਜੀਲੈਂਸ ਜਾਗਰੂਕਤਾ ਰੈਲੀ ਨਾਲ ਸਮਾਪਤ



ਹੋਇਆ ਜਿਸ ਵਿੱਚ ਆਰ ਸੀ ਐਫ ਸਕਾਊਟਸ ਅਤੇ ਗਾਈਡਾਂ ਨੇ ਆਰ ਸੀ ਐਫ ਪਰਿਸਰ ਦਾ ਇੱਕ ਚੱਕਰ ਲਗਾਇਆ, ਬੈਨਰਾਂ ਅਤੇ ਸਲੋਗਣਾਂ ਦੀ ਮਾਅਰਫ਼ਤ ਲੋਕਾਂ ਨੂੰ ਚੌਕਸੀ ਅਤੇ ਨੈਤਿਕ ਆਚਰਣ ਦੀ ਮਹੱਤਤਾ ਬਾਰੇ ਪ੍ਰੇਰਿਤ ਕੀਤਾ । ਇਸ ਤੋਂ ਇਲਾਵਾ, ਇਮਾਨਦਾਰੀ ਨੂੰ ਉਤਸ਼ਾਹਿਤ ਕਰਨ ਅਤੇ ਕਰਮਚਾਰੀਆਂ ਅਤੇ ਨਾਗਰਿਕਾਂ ਵਿੱਚ ਪਾਰਦਰਸ਼ਤਾ ਅਤੇ ਨੈਤਿਕ ਆਚਰਣ ਦੀ ਮਹੱਤਤਾ ਨੂੰ ਉਜਾਗਰ ਕਰਨ ਲਈ ਚੌਕਸੀ ਜਾਗਰੂਕਤਾ 'ਤੇ ਇੱਕ ਨੁੱਕੜ ਨਾਟਕ ਵੀ ਖੇਡਿਆ ਗਿਆ।

ਸ਼੍ਰੀ ਵਿਨੋਦ ਪਾਲ, ਮੁੱਖ ਚੌਕਸੀ ਅਧਿਕਾਰੀ (ਸੀ ਵੀ ਓ), ਆਰ ਸੀ ਐਫ, ਨੇ ਰੋਕਥਾਮ ਚੌਕਸੀ ਉਪਾਵਾਂ ਨੂੰ ਅਪਣਾਉਣ ਅਤੇ ਭ੍ਰਿਸ਼ਟਾਚਾਰ ਮੁਕਤ ਕਾਰਜ ਸੱਭਿਆਚਾਰ ਪੈਦਾ ਕਰਨ ਦੀ ਮਹੱਤਤਾ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਜਾਗਰੂਕਤਾ ਪਹਿਲਕਦਮੀਆਂ ਵਿੱਚ ਕਰਮਚਾਰੀਆਂ, ਵਿਦਿਆਰਥੀਆਂ ਅਤੇ ਜਨਤਾ ਦੀ ਸਰਗਰਮ ਭਾਗੀਦਾਰੀ ਦੀ ਸ਼ਲਾਘਾ ਕੀਤੀ। ਕਰਮਚਾਰੀਆਂ ਨੂੰ ਹਫ਼ਤੇ ਦੌਰਾਨ ਪਾਰਦਰਸ਼ਤਾ ਦੀ ਗਰੰਟੀ ਦੇਣ ਵਾਲੀਆਂ ਔਨਲਾਈਨ ਸ਼ਿਕਾਇਤ ਅਤੇ ਸ਼ਿਕਾਇਤ ਨਿਵਾਰਣ ਪ੍ਰਣਾਲੀਆਂ ਦੀ ਪੂਰੀ ਵਰਤੋਂ ਕਰਨ ਦੀ ਅਪੀਲ ਕੀਤੀ ਗਈ।

ਹਫ਼ਤੇ ਦੌਰਾਨ ਆਯੋਜਿਤ ਮੁਕਾਬਲਿਆਂ ਦੇ ਜੇਤੂਆਂ ਨੂੰ ਇਨਾਮ ਵੰਡੇ ਗਏ, ਅਤੇ ਸ਼ਾਨਦਾਰ ਭਾਗੀਦਾਰੀ ਦਿਖਾਉਣ ਵਾਲੇ ਸਾਰਿਆਂ ਨੂੰ ਪ੍ਰਸ਼ੰਸਾ ਪੱਤਰ ਦਿੱਤੇ ਗਏ।

# ਪੰਜਾਬ ਯੂਨੀਵਰਸਿਟੀ ਦਾ ਸੈਨੇਟ ਨੂੰ ਖ਼ਤਮ ਕਰਨ ਦਾ ਫ਼ੈਸਲਾ ਪੰਜਾਬ ਵਿਰੋਧੀ- ਕਾਮਰੇਡ ਸੇਖੋਂ

**ਚੰਡੀਗੜ੍ਹ ( ਹਰਜਿੰਦਰ ਚੰਦੀ )**-ਸੀਪੀਆਈ(ਐਮ) ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ ਨੇ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਸੈਨੇਟ ਬਾਰੇ ਕੀਤਾ ਗਿਆ ਫ਼ੈਸਲਾ ਨਿੰਦਣਯੋਗ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਅੰਦਰ ਪਿਛਲੇ ਲਗਭਗ 60 ਸਾਲ ਤੋਂ ਚੱਲੇ ਆ ਰਹੇ ਸੈਨੇਟ ਅਤੇ ਸਿੰਡੀਕੇਟ ਰਾਹੀਂ ਚੱਲ ਰਹੇ ਪ੍ਰਬੰਧ ਨੂੰ ਬਦਲ ਕੇ ਨਿਯੁਕਤੀ ਰਾਹੀਂ ਪ੍ਰਬੰਧਕੀ ਚੋਣਾਂ ਕਰਨ ਦਾ ਫ਼ੈਸਲਾ ਕੀਤਾ ਗਿਆ ਹੈ, ਜਿਸ ਵਿੱਚ ਚੰਡੀਗੜ੍ਹ ਤੋਂ ਚੁਣਿਆ ਗਿਆ ਸੰਸਦ ਮੈਂਬਰ, ਯੂਟੀ ਦਾ ਪ੍ਰਮੁੱਖ ਸਕੱਤਰ, ਸਿੱਖਿਆ ਸਕੱਤਰ ਅਤੇ ਪੰਜਾਬ ਦੇ ਸੀਨੀਅਰ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਗਿਆ ਹੈ। ਸੈਨੇਟ ਦੀ ਤਾਕਤ ਨੂੰ 90 ਮੈਂਬਰਾਂ ਤੋਂ ਘਟਾ ਕੇ 31 ਕਰ ਦਿੱਤਾ ਗਿਆ ਹੈ, ਜਿਸ ਵਿੱਚ 18 ਚੁਣੇ ਹੋਏ ਅਤੇ 6 ਨਾਮਜ਼ਦ ਅਤੇ 7 ਅਹੁਦੇਦਾਰ ਸ਼ਾਮਲ ਹੋਣਗੇ। ਇਸ ਤਰ੍ਹਾਂ ਦੇ ਫ਼ੈਸਲੇ ਨਾਲ ਸਾਲਾਂ ਤੋਂ ਚੱਲੀ ਆ ਰਹੀ ਚੋਣ ਪ੍ਰਣਾਲੀ



ਰਾਹੀਂ ਪ੍ਰਬੰਧਕੀ ਢਾਂਚੇ, ਜਿਸ ਵਿੱਚ ਸਿੱਧੇ ਰੂਪ ਦੇ ਵਿੱਚ ਪੰਜਾਬ ਯੂਨੀਵਰਸਿਟੀ ਤੋਂ ਗ੍ਰੈਜੂਏਟ ਪੁਰਾਣੇ ਵਿਦਿਆਰਥੀਆਂ ਵੱਲੋਂ ਵੋਟਾਂ ਰਾਹੀਂ ਹਿੱਸਾ ਲਿਆ ਜਾਂਦਾ ਰਿਹਾ ਹੈ, ਨੂੰ ਪੂਰਨ ਤੌਰ 'ਤੇ ਖਤਮ ਕਰ ਦਿੱਤਾ ਗਿਆ ਹੈ ਅਤੇ ਕੇਂਦਰ ਨੇ ਪੰਜਾਬ ਯੂਨੀਵਰਸਿਟੀ ਦਾ ਪ੍ਰਬੰਧ ਅਸਿੱਧੇ ਰੂਪ ਦੇ ਵਿੱਚ ਆਪਣੇ ਅਧੀਨ ਲੈ ਲਿਆ ਹੈ। ਉਨ੍ਹਾਂ ਇਸ ਫ਼ੈਸਲੇ ਦੀ ਨਿਖੇਧੀ ਕਰਦਿਆਂ ਕਿਹਾ ਕਿ ਸਰਕਾਰ ਲਗਾਤਾਰ ਦੇਸ਼ ਅੰਦਰ ਲੋਕਤੰਤਰੀ ਪ੍ਰਣਾਲੀ ਨੂੰ ਖ਼ਤਮ ਕਰਨ ਦੇ ਰਾਹ 'ਤੇ ਪਈ ਹੋਈ ਹੈ, ਜਿੱਥੇ ਸੂਬਿਆਂ ਦੇ ਅਧਿਕਾਰਾਂ ਨੂੰ ਖ਼ਤਮ ਕੀਤਾ ਜਾ ਰਿਹਾ ਹੈ।

for more news visit:
www.samajweekly.com

# ਜ਼ਿਮਨੀ ਚੋਣ ਦੌਰਾਨ ਪੁਰਾਣੀ ਪੈਨਸ਼ਨ ਬਹਾਲੀ ਲਈ ਝੰਡਾ ਮਾਰਚ ਲਈ ਕਪੂਰਥਲਾ ਤੋਂ ਅਧਿਆਪਕਾਂ ਦਾ ਵੱਡਾ ਕਾਫਲਾ ਤਰਨਤਾਰਨ ਰਵਾਨਾ



**ਜ਼ਿਮਨੀ ਚੋਣ ਦੌਰਾਨ ਆਪ ਸਰਕਾਰ ਦਾ ਮੁਲਾਜ਼ਮ ਤੇ ਲੋਕ ਵਿਰੋਧੀ ਚਿਹਰਾ ਵੋਟਰਾਂ ਵਿੱਚ ਨਸ਼ਰ ਕਰਨ ਲਈ ਕਪੂਰਥਲਾ ਤੋਂ ਵੱਡਾ ਕਾਫਲਾ ਰਵਾਨਾ ਹੋਣ ਤੋਂ ਪਹਿਲਾਂ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦੇ ਹੋਏ।**

**ਕਪੂਰਥਲਾ, 2 ਨਵੰਬਰ ( ਕੌੜਾ )–** ਪੁਰਾਣੀ ਪੈਨਸ਼ਨ ਬਹਾਲੀ ਸੰਘਰਸ਼ ਕਮੇਟੀ ਤੇ ਸੀ ਪੀ ਐਫ ਕਰਮਚਾਰੀ ਯੂਨੀਅਨ ਸਾਂਝੇ ਤੌਰ ਤੇ 2 ਨਵੰਬਰ ਨੂੰ ਤਰਨਤਾਰਨ ਵਿਖੇ ਝੰਡਾ ਮਾਰਚ ਕਰ ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁਲਾਜ਼ਮ ਤੇ ਲੋਕ ਵਿਰੋਧੀ ਚਿਹਰਾ ਜ਼ਿਮਨੀ ਚੋਣ ਦੌਰਾਨ ਵੋਟਰਾਂ ਦੀ ਕਚਹਿਰੀ ਵਿੱਚ ਨਸ਼ਰ ਕਰਨ ਲਈ ਕਪੂਰਥਲਾ ਤੋਂ ਵੱਡਾ ਕਾਫਲਾ ਸੂਬਾ ਕਮੇਟੀ ਮੈਂਬਰ ਗੌਰਮਿੰਟ ਟੀਚਰ ਯੂਨੀਅਨ ਰਛਪਾਲ ਸਿੰਘ ਵੜੈਚ ਤੇ ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ ਦੀ ਅਗਵਾਈ ਵਿੱਚ ਤਰਨਤਾਰਨ ਦੇ ਲਈ ਰਵਾਨਾ ਹੋਇਆ। ਇਸ ਦੌਰਾਨ ਸੂਬਾ ਕਮੇਟੀ ਮੈਂਬਰ ਗੌਰਮਿੰਟ ਟੀਚਰ ਯੂਨੀਅਨ ਰਛਪਾਲ ਸਿੰਘ ਵੜੈਚ ਤੇ ਜਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਣ ਨੇ ਕਿਹਾ ਕਿ ਆਪ ਸਰਕਾਰ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਦੇ ਦੋ ਲੱਖ ਮੁਲਾਜ਼ਮਾਂ ਨੂੰ ਲਿਖਤੀ ਗਰੰਟੀ ਦਿੱਤੀ ਸੀ ਕਿ ਪੰਜਾਬ ਵਿੱਚ ਆਪ ਸਰਕਾਰ ਬਣਦਿਆਂ ਹੀ ਪੁਰਾਣੀ ਪੈਨਸ਼ਨ ਬਹਾਲ ਕਰ ਦਿੱਤੀ ਜਾਵੇਗੀ ਪਰ ਪੰਜਾਬ ਸਰਕਾਰ ਦੁਆਰਾ 18 ਨਵੰਬਰ 2022 ਨੂੰ ਦਿਵਾਲੀ ਤੋਂ ਪਹਿਲਾਂ ਕੀਤਾ ਪੁਰਾਣੀ ਪੈਨਸ਼ਨ ਬਹਾਲੀ ਦਾ ਨੋਟੀਫਿਕੇਸ਼ਨ ਨਹੀਂ ਲਾਗੂ ਕਰ ਸਕੀ ।ਜਦਕਿ ਗੁਆਂਢੀ ਸੂਬੇ ਹਿਮਾਚਲ ਨੇ ਛੇ ਮਹੀਨੇ ਅੰਦਰ ਹੀ ਪੁਰਾਣੀ ਪੈਨਸ਼ਨ ਬਹਾਲ ਕਰ ਆਪਣਾ ਚੋਣ ਵਾਅਦਾ ਇਮਾਨਦਾਰੀ ਨਾਲ ਨਿਭਾਇਆ। ਪੰਜਾਬ ਦੇ ਦੋ ਲੱਖ ਕਰਮਚਾਰੀਆਂ ਦੀ ਮੁੱਖ ਮੰਤਰੀ ਦੇ ਐਲਾਨ ਤੋਂ ਚਾਰ ਸਾਲ ਬਾਅਦ ਵੀ ਪੁਰਾਣੀ ਪੈਨਸ਼ਨ ਬਹਾਲ ਨਹੀਂ ਹੋਈ ਅਤੇ ਕਰਮਚਾਰੀ ਐਨ ਪੀ ਐਸ ਅਧੀਨ ਹੀ ਨਿਗੂਣੀ ਪੈਨਸ਼ਨ ਦਿੱਤੀ ਜਾ ਰਹੀ। ਸਰਕਾਰ ਵੱਲੋਂ ਮੁਲਾਜ਼ਮਾਂ ਨਾਲ ਕੀਤੇ ਜਾ ਰਹੀ ਇਸ ਧੱਕੇਸ਼ਾਹੀ ਨੂੰ ਲੋਕ ਕਚਹਿਰੀ ਵਿੱਚ ਤਰਨਤਾਰਨ ਜਿਮਨੀ ਚੋਣ ਦੌਰਾਨ ਅੱਜ ਝੰਡਾ ਮਾਰਚ ਕਰ ਵੋਟਰਾਂ ਨੂੰ ਦੱਸਾਂਗੇ ਅਤੇ ਸਰਕਾਰ ਦੀ ਢਿੱਲੀ ਕਾਰਗੁਜ਼ਾਰੀ ਪ੍ਰਤੀ ਵੋਟਰਾਂ ਨੂੰ ਜਾਗਰੂਕ ਕਰਨਗੇ। ਜਿਲ੍ਹਾ ਆਗੂ ਗੁਰਮੇਜ ਸਿੰਘ ਤਲਵੰਡੀ ਅਤੇ ਦਲਜੀਤ ਸੈਣੀ ਫਗਵਾੜਾ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕਾਰ ਦੀਆਂ ਕਾਰਪੋਰੇਟ ਪੱਖੀ ਨੀਤੀਆਂ ਵਿਰੁੱਧ ਦੇਸ਼ ਦੇ 70 ਲੱਖ ਐੱਨ ਪੀ ਐੱਸ ਪੀੜਤ ਮੁਲਾਜ਼ਮ 25 ਨਵੰਬਰ ਨੂੰ ਦਿੱਲੀ ਦੇ ਰਾਮ ਲੀਲਾ ਮੈਦਾਨ ਵਿੱਚ ਮਹਾਰੈਲੀ ਕਰਨਗੇ ਤੇ ਕੇਂਦਰ ਤੇ ਰਾਜ ਸਰਕਾਰ ਨੂੰ ਸਪਸ਼ਟ ਸੁਨੇਹਾ ਦੇਣਗੇ ਕਿ ਐਨ ਪੀ ਐਸ ਵਿੱਚ ਸਾਨੂੰ ਕੋਈ ਸੋਧ ਜਾਂ ਯੂ ਪੀ ਐਸ ਨਹੀਂ ਚਾਹੀਦੀ ਦੇਸ਼ ਦੀ ਤਰੱਕੀ ਵਿੱਚ ਦਿਨ ਰਾਤ ਇਕ ਕਰਨ ਵਾਲੇ ਕਰਮਚਾਰੀ ਨੂੰ ਹੁਣ ਪੁਰਾਣੀ ਪੈਨਸ਼ਨ ਬਹਾਲੀ ਤੋਂ ਘੱਟ ਕੁਝ ਵੀ ਮਨਜ਼ੂਰ ਨਹੀਂ ਕਿਉਂਕਿ ਜੇਕਰ ਪੰਜ ਸਾਲਾਂ ਲਈ ਚੁਣਿਆ ਜਾਣ ਵਾਲਾ ਵਿਧਾਇਕ ਜਾਂ ਸੰਸਦ ਪੁਰਾਣੀ ਪੈਨਸ਼ਨ ਦਾ ਹੱਕਦਾਰ ਹੈ ਤਾਂ ਸਾਰੀ ਉਮਰ ਦੇਸ਼ ਸੇਵਾ ਵਿੱਚ ਲਾਉਣ ਵਾਲਾ ਕਰਮਚਾਰੀ ਕਿਉਂ ਨਹੀਂ। ਇਸ ਮੌਕੇ ਅਮਨਦੀਪ ਸਿੰਘ ਖਿੰਡਾ, ਮਨਜਿੰਦਰ ਸਿੰਘ ਠੱਟਾ, ਰੇਸ਼ਮ ਸਿੰਘ, ਸੁਖਵਿੰਦਰ ਸਿੰਘ ਕਾਲੇਵਾਲ, ਗੁਰਪ੍ਰੀਤ ਸਿੰਘ ਟਿੱਬਾ, ਪਰਮਿੰਦਰ ਸਿੰਘ ਸੈਦਪੁਰ, ਗੁਰਪ੍ਰੀਤ ਸਿੰਘ ਮੰਗੂਪੁਰ, ਵਰਿੰਦਰ ਸਿੰਘ ਟਿੱਬਾ, ਪਰਮਿੰਦਰ ਸਿੰਘ, ਨਿਰਮਲ ਸਿੰਘ ਸੋਢੀ, ਰੇਸ਼ਮ ਸਿੰਘ, ਸੁਖਦੇਵ ਸਿੰਘ ਬੂਲਪੁਰ, ਬਲਜੀਤ ਸਿੰਘ ਬੱਬਾ, ਅਸ਼ਵਨੀ ਕੁਮਾਰ, ਅਜੇ ਕੁਮਾਰ, ਕੁਲਦੀਪ ਠਾਕੁਰ, ਜਗਮੋਹਨ ਸਿੰਘ ਆਦਿ ਵੀ ਹਾਜ਼ਰ ਸਨ।

# ਭੈਣ ਮਾਇਆਵਤੀ ਜੀ ਦਾ ਸੁਨੇਹਾ ਘਰ ਘਰ ਅਤੇ ਮੁਹੱਲੇ ਮੁਹੱਲੇ ਪਹੁੰਚਦਾ ਕਰੋ : ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ





**ਜਲੰਧਰ (ਚਰਨਜੀਤ ਸੱਲ੍ਹਾਂ )** ਬਹੁਜਨ ਸਮਾਜ ਪਾਰਟੀ ਜਲੰਧਰ ਵੈਸਟ ਦੀ ਮੀਟਿੰਗ ਕਰਕੇ ਅੱਜ ਪਾਰਟੀ ਦੀ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦਾ ਸੁਨੇਹਾ ਦਿੱਤਾ ਗਿਆ ਅਤੇ ਪੰਜਾਬ ਸੰਭਾਲੋ ਮਹਿਮ ਸ਼ਹਿਰ ਦੇ ਹਰ ਮਹੱਲੇ ਤੱਕ ਲੈ ਜਾਣ ਲਈ ਪਾਰਟੀ ਲੀਡਰਸ਼ਿਪ ਦੀ ਜ਼ਿੰਮੇਵਾਰੀ ਲਗਾਈਆਂ ਗਈਆਂ । ਐਡਵੋਕੇਟ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਪਹਿਲਾਂ ਰਹੀਆ ਰਾਜਨੀਤਕ ਪਾਰਟੀਆਂ ਨੇ ਸਾਡਾ ਕੁਝ ਨਹੀਂ ਸਵਾਰਿਆ ਬਹੁਤ ਲੰਬਾ ਸਮਾਂ ਹੋ ਗਿਆ ਹੈ ਇਹਨਾਂ ਨੂੰ ਰਲ ਮਿਲ ਕੇ ਕਦੇ ਕਾਂਗਰਸ, ਅਕਾਲੀ ਪਾਰਟੀ, ਭਾਜਪਾ ਅਤੇ ਹੁਣ ਆਮ ਆਦਮੀ ਪਾਰਟੀ ਨੇ ਸਾਡਾ ਕੁਝ ਨਹੀਂ ਸਵਾਰਿਆ ਬਲਕਿ ਉਲਟ ਸਾਡੇ ਜਵਾਨਾਂ ਨੂੰ ਚਿੱਟੇ ਤੇ ਲਾ ਦਿੱਤਾ ਹੈ।ਇਸ ਮੌਕੇ ਐਡਵੋਕੇਟ ਪ੍ਰਿਤਪਾਲ ਸਿੰਘ ਜੀ ਨੂੰ ਵਿਧਾਨ ਸਭਾ ਹਲਕਾ ਬੈਸਟ ਦੇ ਜਿੰਮੇਵਾਰ ਆਗੂਆਂ ਦੀ ਸਿਫਾਰਿਸ਼ ਤੇ ਬੈਸਟ ਵਿਧਾਨ ਸਭਾ ਦਾ ਇੰਚਾਰਜ ਲਗਾਇਆ ਗਿਆ ਪਾਰਟੀ ਦੇ ਸਟੇਟ ਜਨਰਲ ਸੈਕਰਟਰੀ ਐਡਵੋਕੇਟ ਬਲਵਿੰਦਰ ਕੁਮਾਰ ਜੀ, ਸ਼੍ਰੀਮਤੀ ਹਰਜਿੰਦਰ ਕੌਰ ਕਰੀਮਪੁਰੀ ਜੀ,ਸਟੇਟ ਦੇ ਕੈਸ਼ੀਅਰ ਪਰਮਜੀਤ ਮਲ ਜੀ,ਦਵਿੰਦਰ ਗੋਗਾ ਜੀ ਬਹੁਜਨ ਸਮਾਜ ਪਾਰਟੀ ਜਲੰਧਰ ਦੇ ਕੌਂਸਲਰ, ਵਿਜੇ ਯਾਦਵ ਜੀ ਅਤੇ ਗੋਖਾ ਜੀ,ਭੱਟੀ ਜੀ,ਹਰਮੇਸ਼ ਜੀ ਤੋਂ ਇਲਾਵਾ ਹੋਰ ਪਾਰਟੀ ਲੀਡਰਸ਼ਿਪ ਅਤੇ ਵਰਕਰ ਹਾਜ਼ਰ ਸਨ।

# ਖ਼ੂਨਦਾਨ ਮਹਾ ਦਾਨ ਇਸ ਨਾਲ ਅਨੇਕਾਂ ਜਿੰਦਗੀਆਂ ਬਚਾਈਆਂ ਜਾ ਸਕਦੀਆਂ ਨੇ : ਗਵਰਨਰ ਵੀ ਐਮ ਗੋਇਲ

**● ਸਵ:ਗੁਰਚਰਨ ਸਿੰਘ ਰਸੂਲਪੁਰ ਸਾਬਕਾ ਸਰਪੰਚ ਦੀ ਪਹਿਲੀ ਬਰਸੀ ਮੌਕੇ ਤੇ ਸਬੰਧ ਚ ਖ਼ੂਨਦਾਨ ਕੈਂਪ ਲਗਾਇਆ ● ਖ਼ੂਨਦਾਨ ਕੈਂਪ 35 ਯੂਨਿਟ ਦਾਨ ਕੀਤਾ**






**ਬੰਗਾ ( ਚਰਨਜੀਤ ਸੱਲ੍ਹਾਂ)** ਲਾਇਨਜ਼ ਕਲੱਬ ਇੰਟਰਨੈਸ਼ਨਲ ਰੀਜਨ ਬੰਗਾ ਤੇ ਲਾਇਨਜ਼ ਕਲੱਬ ਬੰਗਾ ਮਹਿਕ ਵੱਲੋਂ ਸਵਰਗੀ ਗੁਰਚਰਨ ਸਿੰਘ ਸਾਬਕਾ ਸਰਪੰਚ ਰਸੂਲਪੁਰ ਦੀ ਪਹਿਲੀ ਬਰਸੀ ਦੇ ਸੰਬੰਧ ਚ ਮਹਾ ਖ਼ੂਨਦਾਨ ਕੈਂਪ ਅੱਜ ਮਹਿੰਦਰਾ ਹਸਪਤਾਲ ਬੰਗਾ ਵਿਖੇ ਸੰਤ ਗੁਰਮੇਲ ਸਿੰਘ ਜੀ ਬਲੱਡ ਸੈਂਟਰ ਦੇ ਸਹਿਯੋਗ ਨਾਲ ਲਗਾਇਆ ਗਿਆ ੀ ਇਸ ਕੈਂਪ ਦਾ ਉਦਘਾਟਨ ਜਿਲਾ ਗਵਰਨਰ 321 ਡੀ ਲਾਇਨ ਵੀ.ਐਮ.ਗੋਇਲ ਨੇ ਮੁੱਖ ਮਹਿਮਾਨ ਦੇ ਰੂਪ ਚ ਸ਼ਿਰਕਤ ਕਰਦਿਆਂ ਰਿਬਨ ਕੱਟ ਕੇ ਕੀਤਾ । ਇਸ ਦੌਰਾਨ ਇਸ ਕੈਂਪ ਚ ਵਿਸ਼ੇਸ ਮਹਿਮਾਨ ਦੇ ਰੂਪ ਚ ਜ਼ਿਲਾ ਕੋਆਰਡੀਨੈਂਟਰ ਲਾਇਨ ਰਾਜੀਵ ਵਿੱਗ, ਰੀਜਨ ਚੇਅਰਮੇਨ ਲਾਇਨ ਕੁਲਦੀਪ ਭੂਸ਼ਣ, ਜੋਨ ਚੇਅਰਮੇਨ ਧਰਮਿੰਦਰ ਸਿੰਘ ਨੇ ਸ਼ਿਰਕਤ ਕੀਤੀ । ਇਸ ਖ਼ੂਨਦਾਨ ਕੈਂਪ ਵਿੱਚ 35 ਖ਼ੂਨ ਦਾਨੀਆਂ ਨੇ ਆਪਣਾ ਖ਼ੂਨਦਾਨ ਦਾਨ ਕੀਤਾ । ਇਸ ਮੌਕੇ ਜਿਲਾ ਗਵਰਨਰ ਲਾਇਨ ਵੀ.ਐਮ. ਗੋਇਲ ਨੇ ਕਿਹਾ ਕਿ ਖ਼ੂਨਦਾਨ ਇਕ ਮਹਾ ਦਾਨ ਹੈ ਜਿਸ ਨਾਲ ਅਸੀਂ ਅਨੇਕਾਂ ਜਿੰਦਗੀਆਂ ਬਚਾ ਸਕਦੇ ਹਾ । ਜ਼ਿਲਾ ਗਵਰਨਰ ਲਾਇਨ ਵੀ. ਐਮ. ਗੋਇਲ ਨੇ ਚੇਅਰਮੇਨ ਹਮਿਓਂਟੀ ਲਾਇਨ ਡਾ. ਓਕਾਰ ਸਿੰਘ ਨੂੰ ਆਪਣੇ ਸਵ. ਪਿਤਾ ਗੁਰਚਰਨ ਸਿੰਘ ਸਾਬਕਾ ਸਰਪੰਚ ਦੀ ਯਾਦ ਚ ਖ਼ੂਨਦਾਨ ਕੈਂਪ ਲਗਾਉਣ ਤੇ ਵਧਾਈ ਦਿੱਤੀ ਤੇ ਕਿਹਾ ਕਿ ਚੇਅਰਮੇਨ ਲਾਇਨ ਡਾ. ਉਕਾਰ ਸਿੰਘ ਪਿਛਲੇ 16 ਸਾਲਾ ਤੋਂ ਬੰਗਾ ਰੀਜਨ ਚ ਆਪਣੀਆਂ ਬੇਦਾਗ ਸੇਵਾਵਾਂ ਦੇ ਰਹੇ ਤੇ ਉਨ੍ਹਾਂ ਨੇ ਹਮੇਸ਼ਾ ਸਮਾਜ ਸੇਵੀ ਕਾਰਜਾਂ ਚ ਵੱਧ ਚੜ ਕੇ ਆਪਣਾ ਯੋਗਦਾਨ ਪਾਇਆ ਹੈ । ਇਸ ਮੌਕੇ ਚੇਅਰਮੇਨ ਲਾਇਨ ਡਾ. ਉਕਾਰ ਸਿੰਘ ਨੇ ਮੁੱਖ ਮਹਿਮਾਨਾ, ਵਿਸ਼ੇਸ਼ ਮਹਿਮਾਨਾ ਤੇ ਸਾਰੇ ਲਾਇਨ ਲੀਡਰਾਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਸਾਨੂੰ ਖ਼ੂਨ ਦੀ ਮਹੱਤਤਾ ਉਸੇ ਸਮੇ ਹੀ ਸਮਝ ਲਗਦੀ ਹੈ ਜਦੋ ਸਾਡਾ ਕੋਈ ਸਕਾ ਸਬੰਧੀ ਕਿਸੇ ਹਸਪਤਾਲ ਚ ਬਿਮਾਰ ਪਿਆ ਹੋਵੇ ਤੇ ਸਾਨੂੰ ਖ਼ੂਨ ਨਾ ਮਿਲਦਾ ਹੋਵੇ । ਉਨ੍ਹਾਂ ਕਿਹਾ ਕਿ ਸਾਨੂੰ ਹਮੇਸ਼ਾ ਅਜਿਹੀਆਂ ਸੰਸਥਾਵਾਂ ਨਾਲ ਜੁੜੇ ਰਹਿਣਾ ਚਾਹੀਦਾ ਹੈ ਜੋ ਲੋੜ ਪੈਣ ਤੇ ਸਾਨੂੰ ਖ਼ੂਨ ਦੇ ਸਕਣ । ਇਸ ਕੈਂਪ ਦੌਰਾਨ ਚੇਅਰਮੇਨ ਲਾਇਨ ਡਾ. ਓਕਾਰ ਸਿੰਘ ਵੱਲੋ ਆਏ ਹੋਏ ਸਾਰੇ ਮੁੱਖ ਮਾਹਿਮਾਨ, ਵਿਸ਼ੇਸ ਮਾਹਿਮਾਨ, ਰੀਜਨ ਚੇਅਰਮੇਨ, ਜੋਨ ਚੇਅਰਮੇਨ,ਕਲੱਬ ਪ੍ਰਧਾਨ, ਸੈਕਟਰੀ, ਪੀ.ਆਰ.ਓ ਤੇ ਹੋਰ ਲਾਇਨ ਮੈਂਬਰਾਂ ਦਾ ਗਿਫਟ ਦੇ ਕੇ ਸਨਮਾਨ ਕੀਤਾ । ਜ਼ਿਲਾ ਗਵਰਨਰ ਲਾਇਨ ਵੀ. ਐਮ. ਗੋਇਲ ਨੇ ਚੇਅਰਮੈਨ ਲਾਇਨ ਡਾ. ਉਕਾਰ ਸਿੰਘ ਨੂੰ ਇੰਟਰਨੈਸ਼ਨਲ ਅਵਾਰਡ ਤੇ ਪਿੰਨ ਲਗਾ ਕੇ ਸਨਮਾਨਿਤ ਕੀਤਾ । ਇਸ ਮੌਕੇ ਸੁੱਚਾ ਸਿੰਘ, ਰਾਜਿੰਦਰ ਢੰਡਵਾੜ, ਐਡਵੋਕੇਟ ਹਰਦੀਪ ਸਿੰਘ, ਐਡਵੋਕੇਟ ਕਮਲਜੀਤ ਸਿੰਘ, ਹਰਦੇਵ ਸਿੰਘ ਬੇਦੀ, ਡਾ. ਬਲਵੀਰ ਵਸ਼ਿਸਟ, ਗਗਨਦੀਪ ਸਿੰਘ, ਜਸਵੀਰ ਸਿੰਘ ਰਹੇਲਾ , ਸਤਪਾਲ ਮੰਡੇਰ, ਚਰਨਜੀਤ, ਬਲਜਿੰਦਰ ਬਿੱਲਾ, ਕੁਲਦੀਪ ਬੰਗਾ, ਸੁਰਿੰਦਰ ਨਈਅਰ, ਬਲਵਿੰਦਰ ਝਿੰਗੜ, ਜਸਵਿੰਦਰ ਕੌਰ ਗੁਣਾਚੋਰ, ਮਦਨ ਲਾਲ, ਅਮਰਜੀਤ ਖਟਕੜ, ਲਖਵਿੰਦਰ ਸਿੰਘ, ਮਨਜੀਤ ਰਾਣੀ, ਰੀਟਾ ਬਾਲਾ, ਅੰਚਲ ਮਹਿਰਾ, ਹਰਪ੍ਰੀਤ,ਮਹਿਕ, ਮਨਪ੍ਰੀਤ, ਕੋਮਲਪ੍ਰੀਤ, ਲਿਲੀ, ਮੰਨਤ, ਨਵਜੋਤ, ਨੇਹਾ, ਜਸਵਿੰਦਰ ਭੱਟੀ, ਰਕੇਸ਼ ਕੁਮਾਰ, ਸਾਹਿਲ ਤੋਂ ਇਲਾਵਾ ਹੋਰ ਵੀ ਸਟਾਫ ਮੈਂਬਰ ਹਾਜਰ ਸਨ ।

# ਜ਼ਿਲ੍ਹੇ ਵਿਚ ਚਾਈਨਾ ਡੋਰ ਬਣਾਉਣ, ਵਿਕਰੀ ਅਤੇ ਵਰਤੋਂ ’ਤੇ ਮੁਕੰਮਲ ਪਾਬੰਦੀ



**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਜ਼ਿਲ੍ਹਾ ਮੈਜਿਸਟ੍ਰੇਟ ਅੰਕੁਰਜੀਤ ਸਿੰਘ ਨੇ ਭਾਰਤੀ ਨਾਗਰਿਕ ਸੁਰਕਸ਼ਾ ਸੰਹਿਤਾ, 2023 ਦੀ ਧਾਰਾ 163 ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹੇ ਦੇ ਸ਼ਹਿਰੀ ਅਤੇ ਦਿਹਾਤੀ ਖੇਤਰ ਵਿਚ ਪੈਂਦੇ ਥਾਣਿਆਂ ਦੇ ਇਲਾਕਿਆਂ ਅੰਦਰ ਪਤੰਗ/ਗੁੱਡੀਆਂ ਉਡਾਉਣ ਲਈ ਨਾਈਲੋਨ/ ਸਿੰਥੈਟਿਕ/ਪਲਾਸਟਿਕ ਦੀ ਬਣੀ ਡੋਰ (ਚਾਈਨਾ ਡੋਰ/ ਮਾਝਾ) ਨੂੰ ਬਣਾਉਣ, ਵੇਚਣ, ਸਟੋਰ ਕਰਨ, ਖ਼ਰੀਦਣ, ਸਪਲਾਈ ਕਰਨ, ਬਾਹਰੋਂ ਆਯਾਤ ਕਰਨ ਅਤੇ ਇਸ ਦੀ ਵਰਤੋਂ ਕਰਨ ’ਤੇ ਮੁਕੰਮਲ ਤੌਰ ’ਤੇ ਪਾਬੰਦੀ ਲਾਈ ਹੈ। ਜਾਰੀ ਹੁਕਮਾਂ ਅਨੁਸਾਰ ਪਤੰਗ/ ਗੁਡੀਆਂ ਉਡਾਉਣ ਲਈ ਵਰਤੀ ਜਾਂਦੀ ਨਾਈਲੋਨ/ ਸਿੰਥੈਟਿਕ/ਪਲਾਸਟਿਕ ਦੀ ਬਣੀ ਚਾਈਨਾ ਡੋਰ ਬਹੁਤ ਮਜ਼ਬੂਤ, ਨਾ-ਗਲਣਯੋਗ, ਨਾ-ਟੁੱਟਣਯੋਗ ਹੋਣ ਕਰਕੇ ਪਤੰਗ ਉਡਾਉਣ ਵਾਲਿਆਂ ਦੀਆਂ ਉਂਗਲਾਂ ਲਈ ਬੇਹੱਦ ਖਤਰਨਾਕ ਹੈ ਅਤੇ ਸਾਈਕਲ, ਸਕੂਟਰ ਤੇ ਮੋਟਰ ਸਾਈਕਲ ਚਾਲਕਾਂ ਦੇ ਗ਼ਲੇ ਅਤੇ ਕੰਨ ‘ਤੇ ਫਿਰ ਜਾਣ ਨਾਲ ਉਨ੍ਹਾਂ ਦਾ ਨੁਕਸਾਨ ਕਰਦੀ ਹੈ। ਇਸ ਤੋ ਇਲਾਵਾ ਇਸ ਡੋਰ ਵਿੱਚ ਉੱਡਦੇ ਪੰਛੀ ਫਸ ਜਾਣ ’ਤੇ ਉਨ੍ਹਾਂ ਦੇ ਮਰਨ ਬਾਰੇ ਵੀ ਕਾਫੀ ਘਟਨਾਵਾਂ ਵਾਪਰਦੀਆਂ ਹਨ। ਇਨ੍ਹਾਂ ਤੱਥਾਂ ਦੇ ਮੱਦੇਨਜ਼ਰ ਇਸ ਡੋਰ ਦੀ ਵਰਤੋ ਆਦਿ ‘ਤੇ ਪੂਰਨ ਪਾਬੰਦੀ ਲਾਈ ਜਾਂਦੀ ਹੈ। ਜ਼ਿਲ੍ਹਾ ਪੁਲਿਸ, ਸ਼ਹਿਰੀ ਖੇਤਰਾਂ ਵਿੱਚ ਨਗਰ ਕੌਂਸਲਾਂ ਦੇ ਕਾਰਜਸਾਧਕ ਅਫ਼ਸਰ ਅਤੇ ਦਿਹਾਤੀ ਇਲਾਕਿਆਂ ਵਿੱਚ ਸਮੂਹ ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਇਨ੍ਹਾਂ ਹੁਕਮਾਂ ਨੂੰ ਲਾਗੂ ਕਰਵਾਉਣਗੇ। ਇਹ ਹੁਕਮ 23 ਅਪ੍ਰੈਲ, 2026 ਤੱਕ ਲਾਗੂ ਰਹੇਗਾ।

## 1966 'ਚ ਮਿਲਿਆ ਛੁਣਛਣਾ

ਅਸੀਂ ਤਾਂ ਪਿੱਛੇ ਲਾਉਂਣੈਂ ਜਨਤਾ ਨੂੰ ,
ਕੋਈ ਅਜੂਬੀ ਹੀ ਦੇ ਦਿਓ .
ਜਿਹੜੀ ਸਿਰ 'ਤੇ ਚਮਕੇ ਤਾਜ ਵਜੋਂ ,
ਕੋਈ ਤਾਂ ਖ਼ੂਬੀ ਹੀ ਦੇ ਦਿਓ.
ਅਸੀਂ ਤਾਂ ਰਾਜ ਨਹੀਂ ਸੇਵਾ ਕਹਿਕੇ ,
ਅਪਣੇ ਹੀ ਘਰਾਂ ਨੂੰ ਭਰਨਾ ਏਂ,
ਸਾਨੂੰ ਤਾਂ ਇਹਨਾਂ ਕੰਮਾਂ ਲਈ ਭਾਵੇਂ,
ਛੋਟੀ 'ਜੀ ਸੂਬੀ ਹੀ ਦੇ ਦਿਓ



**ਮੂਲ ਚੰਦ ਸ਼ਰਮਾ**
ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।
9914836037

## ਫੇਰ ਦੋਬਾਰਾ...

ਪਹਿਲਾਂ ਧਰਮ ਦੇ ਆਧਾਰ ਤੇ,
ਫਿਰ ਬੋਲੀ ਦੇ ਵਿਵਹਾਰ ਤੇ,
ਟੁਕੜਿਆਂ ਦੇ ਵਿੱਚ ਵੰਡ ਦਿੱਤਾ।
ਰੇਤੀ ਲਾ ਚੁਫੇਰਿਓਂ ਚੰਡ ਦਿੱਤਾ।
ਹੁਣ ਦੋਬਾਰਾ ਧਰਮ ਦੇ ਨਾਮ ਤੇ,
ਟੁਕੜਿਆਂ ਵਿੱਚ ਵੰਡਣ ਨੂੰ ਫਿਰਦੇ ਨੇ।
ਤੈਨੂੰ ਰੰਬੇ ਵਾਂਗ ਚੰਡਣ ਨੂੰ ਫਿਰਦੇ ਨੇ।
ਜੇ ਫਿਰ ਤੀਰ ਟਿਕਾਣੇ ਲੱਗ ਗਿਆ,
ਫੇਰ ਗੁਣ ਸੂਤਰ ਸਹੀ ਵਗ ਗਿਆ,
ਜਾਤ-ਪਾਤ ਦੇ ਨਾਮ ਤੇ ਵੰਡਣਗੇ।
ਪਰ ਮੁੜ ਫੇਰ ਦੋਬਾਰਾ ਚੰਡਣਗੇ।
ਪੰਜਾਬ ਸਿਆਂ ਤੈਨੂੰ ਸ਼ੇਰ ਦੇ ਪੰਜੇ ਤੋਂ,
ਚਿੜੀ ਦਾ ਪਹੁੰਚਾ ਤੇ ਬਣਾ ਦਿੱਤਾ।
ਕੀੜੀ ਦਾ ਪੈਰ ਬਣਾ ਕੇ ਛੱਡਣਗੇ।
ਜੋ ਬਚ ਗਈਆਂ ਜੜਾਂ ਵੱਡਣਗੇ।
ਪੰਜ-ਆਬ ਤੋਂ ਢਾਈ ਤੇ ਲਿਆ ਦਿੱਤਾ।
ਹੁਣ ਲੱਗਦਾ 1/5 ਬਣਾ ਕੇ ਛੱਡਣਗੇ।
ਕੋਈ ਬਚਿਆ ਵੈਰ ਪੁਰਾਣਾ ਕੱਢਣਗੇ।



**ਗੁਰਜਿੰਦਰ ਸਿੰਘ ਸਾਹਦੜਾ**

## ਬੋਝ

ਮਾਂ ਦਾ ਸਿਰ ਤੋਂ
ਸਾਇਆ ਉੱਠਿਆ
ਇੰਝ ਲੱਗਾ ਜਿਉਂ
ਰੱਬ ਏ ਰੁੱਠਿਆ
ਇਹੁ ਲਗਦਾ ਜਿਉਂ
ਕੋਲ ਖੜੀ ਏ
ਜਦੋ ਯਾਦ ਓਸਦੀ
ਆਉਂਦੀ ਬੜੀ ਏ

ਇੱਕ ਪਲ ਦੇ ਵਿੱਚ
ਹੋਇਆ ਪਰਾਇਆ
ਜਿਸਨੇ ਮੈਨੂੰ ਸੀ
ਜਹਾਨ ਦਿਖਾਇਆ
ਰੁਕਦੀ ਨਈਓਂ
ਹੰਝੂਆਂ ਦੀ ਝੜੀ
ਜਦੋਂ ਯਾਦ ਓਸਦੀ
ਆਉਂਦੀ ਬੜੀ ਏ

ਬਾਪ ਵੀ ਚਲਗਿਆ
ਏ ਏਸ ਜਹਾਨੋ
ਘਟਾ ਸੀ ਢੋਇਆ
ਉਸਨੂੰ ਪਛਾਣੋ
ਥੰਮਦੀ ਨਈਓਂ
ਕੈਸੀ ਝੜੀ ਏ
ਜਦੋਂ ਯਾਦ ਓਸਦੀ
ਆਉਂਦੀ ਬੜੀ ਏ

ਵਿਆਹ ਹੋਇਆ ਏ
ਨਾਹੀ ਮੁਕਲਾਵਾ
ਪੱਲੇ ਇ ਰਹਿ ਗਿਆ
ਇੱਕੋ ਪਛਤਾਵਾ
ਮੁਸੀਬਤ ਐਸੀ
ਸਿਰ ਤੇ ਚੜੀ ਏ
ਜਦੋਂ ਯਾਦ ਓਸਦੀ
ਆਉਂਦੀ ਬੜੀ ਏ

ਕੀ ਕਰਨੇ ਨੇ ਏ
ਭਾਈ ਕੀ ਭੈਣਾਂ
ਨਾਲ ਹੰਝੂਆਂ
ਭਰ ਗਏ ਨੈਣਾਂ
ਸੋਚ ਸੋਚ ਕੇ
ਜਿੰਦ ਸੜੀ ਏ
ਜਦੋਂ ਯਾਦ ਓਸਦੀ
ਆਉਂਦੀ ਬੜੀ ਏ

ਪੀਰ ਮਨਾਵਾ ਕੀ
ਬੱਲੀ ਕਰਾਂ ਬੰਦਗੀ
ਬੋਝ ਬਣੀ ਮੇਰੀ
ਇਹੋ ਏ ਜਿੰਦਗੀ.
ਅਣਹੋਣੀ ਨੇ ਵੀ
ਜਿੱਦ ਫੜੀ ਏ
ਜਦੋਂ ਯਾਦ ਓਸਦੀ
ਆਉਂਦੀ ਬੜੀ ਏ



**..... ਬੱਲੀ ਈਲਵਾਲ**

## .ਗਜ਼ਲ

ਸਮੁੰਦਰ ਹੈ ਮਗਰ ਫਿਰ ਵੀ ਦੋ ਬੂੰਦਾਂ ਵੀ ਨਹੀਂ ਦੇਂਦਾ।
ਮਹਾਂ ਕੰਜੂਸ ਹੈ ਉਹ ਤਾਂ ਦੁਆਵਾਂ ਵੀ ਨਹੀਂ ਦੇਂਦਾ।
ਉਹ ਸਾਨੂੰ ਯੁੱਧ ਲੜਨੇ ਦੀ ਸਿਖਾਉਂਦਾ ਹੈ ਕਲਾ ਐਪਰ,
ਲੜਨ ਨੂੰ ਆਖਦੈ ਸਾਨੂੰ ਕਟਾਰਾਂ ਵੀ ਨਹੀਂ ਦੇਂਦਾ।
ਉਹ ਸਾਡੇ ਬੱਚਿਆਂ ਹੱਥੀਂ ਫੜਾਉਣੇ ਟੋਕਰੇ ਚਾਹੁੰਦੈ,
ਸਕੂਲਾਂ ਵਿਚ ਇਸੇ ਕਰ ਕੇ ਕਿਤਾਬਾਂ ਵੀ ਨਹੀਂ ਦੇਂਦਾ।
ਬਿਠਾਇਆ ਰਾਜ ਗੱਦੀ ਤੇ ਇਹ ਕੇਹਾ ਸਰਬਰਾ ਲੋਕਾਂ,
ਕਿ ਲੋਕੀਂ ਅੰਬ ਚਾਹੁੰਦੇ ਨੇ ਉਹ ਕਿੱਕਰਾਂ ਵੀ ਨਹੀਂ ਦੇਂਦਾ।
ਹਨੇਰਾ ਖਾ ਰਿਹਾ ਜੁਗਨੂੰ, ਸਿਤਾਰੇ ਚੰਨ ਸੂਰਜ ਵੀ,
ਇਹ ਧੁੱਪਾਂ ਦਾ ਵੀ ਕਾਤਿਲ ਹੈ ਤੇ ਛਾਵਾਂ ਵੀ ਨਹੀਂ ਦੇਂਦਾ।
ਜੇ ਉਸ ਦੀ ਮਿਹਰ ਹੋ ਜਾਵੇ ਘੜੀ ਵਿੱਚ ਹੀ ਗ਼ਜ਼ਲ ਹੋਵੇ,
ਰਜ਼ਾ ਉਸ ਦੀ ਜੇ ਨਾ ਹੋਵੇ ਦੋ ਸਤਰਾਂ ਵੀ ਨਹੀਂ ਦੇਂਦਾ।
ਹਨੇਰਾ ਰਾਜ ਗੱਦੀ ਤੇ ਜਦੋਂ ਦਾ ਹੋ ਗਿਆ ਕਾਬਿਜ,
ਇਹ ਚਾਨਣ ਭਾਲਦੇ ਲੋਕਾਂ ਨੂੰ ਕਿਰਨਾਂ ਵੀ ਨਹੀਂ ਦੇਂਦਾ।
ਜਦੋਂ ਉਹ ਮੌਜ਼ ਵਿੱਚ ਹੁੰਦੈ ਖਵਾਉਂਦਾ ਬਰਫ਼ੀਆਂ ਰਾਣੇ,
ਨਹੀਂ ਤਾਂ ਮਰਜ਼ੀ ਦਾ ਮਾਲਿਕ ਉਹ ਮਿਰਚਾਂ ਵੀ ਨਹੀਂ ਦੇਂਦਾ।



**ਜਗਦੀਸ਼ ਰਾਣਾ**
:-ਸੋਫ਼ੀ ਪਿੰਡ,ਜਲੰਧਰ -24
ਸੰਪਰਕ 79862-07849



# ਸਤਿਗੁਰ ਨਾਮਦੇਵ ਜੀ ਦੇ ਜਨਮ ਦਿਨ ਦੀਆਂ ਸੰਗਤਾਂ ਨੂੰ ਵਧਾਈਆਂ ਦਿੱਤੀਆਂ : ਡਾ. ਨਛੱਤਰ ਪਾਲ ਐਮ ਐਲ ਏ

**ਗੁਰਦਾਸਪੁਰ (ਚਰਨਜੀਤ ਸੱਲ੍ਹਾਂ )** ਸਤਿਗੁਰੂ ਨਾਮਦੇਵ ਜੀ ਮਹਾਰਾਜ ਜੀ ਦੇ ਜਨਮ ਦਿਨ ਤੇ ਸਮੂਹ ਸੰਗਤ ਨੂੰ ਲੱਖ ਲੱਖ ਵਧਾਈ ਜਿਨ੍ਹਾਂ ਨੇ ਇਸ ਦੇਸ਼ ਦੇ ਵਿੱਚ 13ਵੀਂ ਸਦੀ ਵਿੱਚ ਬਰਾਬਰਤਾ ਦੀ ਲੜਾਈ ਲੜੀ ਉਨਾਂ ਨੇ ਉਚਾਰਨ ਕੀਤਾ ਹਸਤ ਖੇਲਤ ਤੇਰੇ ਦੇਹਰੇ ਆਇਆ ਭਗਤ ਕਰਤ ਨਾਮਾ ਪਕੜ ਉਠਾਇਆ ਹੀਨੜੀ ਜਾਤ ਮੇਰੀ ਜਾਦਮ ਪਾਇਆ ਛੀਪੇ ਕੇ ਜਨਮ ਕਾਹਿ ਕੋ ਆਇਆ ਜਿਉ ਜਿਉ ਨਾਮਾ ਹਰਿ ਗੁਣ





ਉਚਰੈ ਭਗਤ ਜਨਾ ਕੋ ਦੇਹਰਾ ਫਿਰੇ ਇਹ ਸੰਦੇਸ਼ ਉਹਨਾਂ ਨੇ ਮਹਾਰਾਸ਼ਟਰ ਦੀ





ਧਰਤੀ ਤੋਂ ਸ਼ੁਰੂ ਕਰਕੇ ਪੰਜਾਬ ਦੇ ਵਿੱਚ ਘੁਮਾਣ ਜਿਲਾ ਗੁਰਦਾਸਪੁਰ ਵਿੱਚ ਆ ਕੇ ਆਪਣਾ ਅੰਤਿਮ ਜੀਵਨ ਬਤੀਤ ਕੀਤਾ ਇਹ ਸ਼ਬਦ ਅੱਜ ਪਿੰਡ ਘੁਮਾਣ ਵਿਖੇ ਸਤਿਗੁਰ ਨਾਮਦੇਵ ਮਹਾਰਾਜ ਜੀ ਦੇ ਜਨਮ ਦਿਨ ਨੂੰ ਯਾਦ ਕਰਦਿਆਂ ਅਤੇ ਉਹਨਾਂ ਨੇ ਇਨਸਾਨੀਅਤ ਦੀ ਖਾਤਰ ਸੰਘਰਸ਼ ਕੀਤਾ ਸੀ ਇਸ ਲਈ ਸਾਨੂੰ ਹਮੇਸ਼ਾ ਅਜਿਹੇ ਗੁਰੂਆਂ ਨੂੰ ਯਾਦ ਕਰਨਾ ਅਤੇ ਉਨ੍ਹਾਂ ਨੇ ਗੁਰਬਾਣੀ ਵਿੱਚ ਹਰੇਕ ਤਰ੍ਹਾਂ ਦੀ ਸਚਾਈ ਦੱਸੀ ਹੈ ਇਸ ਲਈ ਸਾਨੂੰ ਉਨ੍ਹਾਂ ਦੀ ਬਾਣੀ ਉਪਰ ਅਮਲ ਕਰਨਾ ਚਾਹੀਦਾ ਹੈ।

# ਪੰਜਾਬ ਸੰਭਾਲੋ ਮੁਹਮ ਦੂਜੇ ਪੜਾਅ ਚ ਹੁਸ਼ਿਆਰਪੁਰ ਵਿਖੇ ਪੰਜਾਬ ਦੇ ਨੌਜਵਾਨ ਹੁਣ ਵਿਦੇਸ਼ਾਂ ਵਿੱਚ ਭਾਂਡੇ ਨਹੀਂ ਮਾਂਜਣਗੇ; ਪੰਜਾਬ ਸੰਭਾਲੋ ਮਹਿਮ ਦੀ ਸਫਲਤਾ ਪੰਜਾਬ ਵਿੱਚ ਦੇਵੇਗੀ ਨੌਜਵਾਨਾਂ ਨੂੰ ਰੁਜ਼ਗਾਰ-ਕਰੀਮਪੁਰੀ





**ਹੁਸ਼ਿਆਰਪੁਰ (ਚਰਨਜੀਤ ਸੱਲ੍ਹਾਂ )** ਅੱਜ ਹੁਸ਼ਿਆਰਪੁਰ ਵਿਖੇ ਬਹੁਜਨ ਸਮਾਜ ਪਾਰਟੀ ਨੇ ਜ਼ਿਲ੍ਹੇ ਦੀ ਜਿੰਮੇਵਾਰੀ ਲੀਡਰਸ਼ਿਪ ਨੂੰ ਬੁਲਾ ਕੇ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਦੇ ਦੂਸਰੇ ਪੜਾ ਦੇ ਤਹਿਤ ਚਾਹ ਤੇ ਚਰਚਾ, ਖੁੰਡਾਂ ਤੇ ਚਰਚਾ,ਮੰਡੀਆਂ ਵਿੱਚ ਚਰਚਾ,ਬੱਸ ਅੱਡਿਆਂ ਤੇ ਚਰਚਾ,ਸਕੂਲਾਂ-ਕਾਲਜਾਂ +ਯੂਨੀਵਰਸਿਟੀਆਂ ਵਿੱਚ ਚਰਚਾ ਛੱਪੜਾਂ,ਸੱਥਾਂ, ਅਤੇ ਪਿੱਪਲਾਂ ਬੋਹੜਾਂ ਥੱਲੇ ਚਰਚਾ, ਕਿਸਾਨਾਂ ਖੇਤ ਮਜ਼ਦੂਰਾਂ ਦਲਤਾਂ ਪਛੜਿਆਂ ਨੌਜਵਾਨਾਂ ਵਿਦਿਆਰਥੀਆਂ ਔਰਤਾਂ ਨਾਲ ਪੰਜਾਬ ਸੰਭਾਲੋ ਮਹਿਮ ਦੀ ਚਰਚਾ ਕਰਕੇ ਪੰਜਾਬ ਸੰਭਾਲੋ ਮਹਿਮ ਦੇ ਤਹਿਤ ਪੰਜਾਬ ਨੂੰ ਨਸ਼ਿਆਂ ਬੇਰੁਜ਼ਗਾਰੀ ਖੁਦਕਸ਼ੀ ਗਰੀਬੀ ਬੇਬਸੀ ਪਰਿਵਾਰ ਦੇ ਸੰਕਟ ਚੋਂ ਕੱਢਿਆ ਜਾਊਗਾ ਪੰਜਾਬ ਸੰਭਾਲੋ ਮਹਿਮ ਬਦਹਾਲ ਪੰਜਾਬ ਨੂੰ ਖੁਸ਼ਹਾਲ ਪੰਜਾਬ ਬਣਾਉਣ ਦਾ ਸੰਕਲਪ ਲੈ ਕੇ ਬਸਪਾ ਵਰਕਰ ਆਗੂ ਪਿੰਡਾਂ ਅਤੇ ਸ਼ਹਿਰਾਂ ਦੇ ਮਹੱਲਿਆਂ ਚ ਜਥੇਬੰਦਕ ਢਾਂਚੇ ਨੂੰ ਤਕੜਾ ਕਰਨ ਅੱਜ ਦੀ ਮੀਟਿੰਗ ਦੇ ਵਿੱਚ ਇਹ ਸੰਦੇਸ਼ ਦਿੱਤਾ ਗਿਆ ਜਿਸ ਵਿੱਚ ਐਡਵੋਕੇਟ ਪਰਮਿੰਦਰ ਕੁਮਾਰ ਹਲਕਾ ਚੱਬੇਵਾਲ ਦੇ ਇੰਚਾਰਜ,ਜੱਸ ਭੱਟੀ ਹਲਕਾ ਚੱਬੇਵਾਲ ਦੇ ਪ੍ਰਧਾਨ ਅਤੇ ਹੋਰ ਹੁਸ਼ਿਆਰਪੁਰ ਜ਼ਿਲ੍ਹੇ ਦੀ ਪੂਰੀ ਦੀ ਪੂਰੀ ਦੀ ਪੂਰੀ ਟੀਮ ਹਾਜ਼ਰ ਸੀ।

# ਹੁਸ਼ਿਆਰਪੁਰ 'ਚ ਵਖਰਾ ਸਵੈਗ ਦੀ ਧਮਾਲ: ਆਰ.ਜੇ. ਕ੍ਰੀਏਟਰਜ਼ ਦੀ ਗ੍ਰੈਂਡ ਵਿੰਟਰ ਪ੍ਰਦਰਸ਼ਨੀ ਦਾ ਪੋਸਟਰ ਰਿਲੀਜ਼

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਹੁਸ਼ਿਆਰਪੁਰ 'ਚ 26 ਦਸੰਬਰ ਨੂੰ ਹੋਣ ਜਾ ਰਹੀ ਆਰ.ਜੇ. ਕ੍ਰੀਏਟਰਜ਼ ਦੀ ਗ੍ਰੈਂਡ ਵਿੰਟਰ ਪ੍ਰਦਰਸ਼ਨੀ "ਵਖਰਾ ਸਵੈਗ" ਦਾ ਪੋਸਟਰ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ, ਸਾਂਸਦ ਡਾ. ਰਾਜਕੁਮਾਰ ਚੱਬੇਵਾਲ ਅਤੇ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਵੱਲੋਂ ਲਾਂਚ ਕੀਤਾ ਗਿਆ। ਇਸ ਮੌਕੇ 'ਤੇ ਆਰ.ਜੇ. ਕ੍ਰੀਏਟਰਜ਼ ਦੀ ਕੋਆਰਡੀਨੇਟਰ ਰੇਣੂ ਕੰਵਰ ਨੇ ਦੱਸਿਆ ਕਿ ਇਹ ਪ੍ਰਦਰਸ਼ਨੀ ਸਿਰਫ਼ ਵਪਾਰਕ ਜਗਤ ਲਈ ਸੋਹਣਾ ਮੌਕਾ ਨਹੀਂ, ਸਗੋਂ ਹੁਸ਼ਿਆਰਪੁਰ ਦੀ ਵਪਾਰਕ ਵਿਰਾਸਤ ਨੂੰ ਰਾਸ਼ਟਰੀ ਤੇ ਅੰਤਰਰਾਸ਼ਟਰੀ ਪੱਧਰ 'ਤੇ ਨਵੀਂ ਪਛਾਣ ਦੇਣ ਦੀ ਕੋਸ਼ਿਸ਼ ਵੀ ਹੈ।



ਵਪਾਰ ਅਤੇ ਬ੍ਰਾਂਡਿੰਗ ਦਾ ਮੇਲ "ਵਖਰਾ ਸਵੈਗ" ਪ੍ਰਦਰਸ਼ਨੀ 'ਚ ਹੁਸ਼ਿਆਰਪੁਰ, ਪੰਜਾਬ ਅਤੇ ਹੋਰ ਰਾਜਾਂ ਤੋਂ ਆਏ ਵਪਾਰੀ ਆਪਣੇ-ਆਪਣੇ ਉਤਪਾਦ ਜਿਵੇਂ ਕਿ ਕਾਸਮੈਟਿਕਸ, ਆਰਟੀਫੀਸ਼ਲ ਜੁਲਰੀ, ਹੈਂਡੀਕ੍ਰਾਫਟ, ਹੋਟਲ ਇੰਡਸਟਰੀ, ਲਾਈਫਸਟਾਈਲ ਤੇ ਵੈਲਨੈੱਸ ਪ੍ਰੋਡਕਟਸ ਦੇ ਨਾਲ ਹਿੱਸਾ ਲੈਣਗੇ। ਭਾਗੀਦਾਰਾਂ ਨੂੰ ਉੱਚ ਪੱਧਰੀ ਪ੍ਰੋਫੈਸ਼ਨਲ ਸਟਾਲਾਂ ਰਾਹੀਂ ਆਪਣੇ ਉਤਪਾਦਾਂ ਦੀ ਪ੍ਰਮੋਸ਼ਨ ਤੇ ਵਿਕਰੀ ਦਾ ਬਹੁਤ ਵਧੀਆ ਮੰਚ ਪ੍ਰਾਪਤ ਹੋਵੇਗਾ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਕਿਹਾ ਕਿ "ਵਖਰਾ ਸਵੈਗ" ਸਿਰਫ਼ ਇੱਕ ਟ੍ਰੇਡ ਐਕਸਪੋ ਨਹੀਂ, ਸਗੋਂ ਸਮਾਜਿਕ ਜ਼ਿੰਮੇਵਾਰੀ ਦਾ ਪ੍ਰਤੀਕ ਵੀ ਹੈ। ਉਨ੍ਹਾਂ ਨੇ ਦੱਸਿਆ ਕਿ ਸੋਨਾਲਿਕਾ ਇੰਟਰਨੈਸ਼ਨਲ ਲਿਮਿਟਡ ਇਸ ਪ੍ਰੋਗਰਾਮ ਦੀ ਮੁੱਖ ਸਪਾਂਸਰ ਹੈ, ਜੋ ਆਪਣੇ ਸਮਾਜਿਕ ਕਾਰਜਾਂ ਲਈ ਪ੍ਰਸਿੱਧ ਹੈ। ਇਸ ਪ੍ਰਦਰਸ਼ਨੀ ਵਿੱਚ ਸ਼ਹਿਰ ਦੀਆਂ ਵੱਖ-ਵੱਖ ਸਮਾਜਿਕ ਸੰਸਥਾਵਾਂ ਨੂੰ ਵੀ ਮੰਚ ਮਿਲੇਗਾ, ਤਾਂ ਜੋ ਉਨ੍ਹਾਂ ਦੇ ਪ੍ਰੇਰਣਾਦਾਇਕ ਕੰਮ ਲੋਕਾਂ ਤੱਕ ਪਹੁੰਚ ਸਕਣ।

ਸਿੱਖਿਆ ਅਤੇ ਕਰੀਅਰ ਵੱਲ ਇਕ ਕਦਮ

ਆਰ.ਜੇ. ਕ੍ਰੀਏਟਰਜ਼ ਦੀ ਕੋਆਰਡੀਨੇਟਰ ਰੇਨੂੰ ਕੰਵਰ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਸੀ.ਟੀ. ਗਰੁੱਪ ਆਫ਼ ਐਜੂਕੇਸ਼ਨ ਸਿੱਖਿਆ ਸਾਥੀ ਵਜੋਂ ਸ਼ਾਮਲ ਹੈ। ਇਵੈਂਟ ਵਿੱਚ ਕਰੀਅਰ ਕਾਊਂਸਲਿੰਗ ਸੈਸ਼ਨ ਤੇ ਖਾਸ ਸਕਾਲਰਸ਼ਿਪ ਯੋਜਨਾਵਾਂ ਵੀ ਰੱਖੀਆਂ ਜਾਣਗੀਆਂ, ਤਾਂ ਜੋ ਵਿਦਿਆਰਥੀਆਂ ਨੂੰ ਸਹੀ ਰਾਹ-ਦਰਸਾਏ ਮਿਲ ਸਕਣ।

# ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਨੇ ਗੜ੍ਹਸ਼ੰਕਰ ’ਚ ਵੱਖ-ਵੱਖ ਥਾਵਾਂ ਦਾ ਕੀਤਾ ਦੌਰਾ

## ਅਨੁਸੂਚਿਤ ਜਾਤੀ ਵਰਗ ਦੇ ਵਿਕਾਸ ਅਤੇ ਯੋਜਨਾਵਾਂ ਨੂੰ ਪ੍ਰਭਾਵੀ ਢੰਗ ਨਾਲ ਲਾਗੂ ਕਰਨ ’ਤੇ ਦਿੱਤਾ ਜ਼ੋਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਅੱਜ ਹਲਕਾ ਗੜ੍ਹਸ਼ੰਕਰ ਦੇ ਵੱਖ-ਵੱਖ ਇਲਾਕਿਆਂ ਦਾ ਦੌਰਾ ਕਰਕੇ ਅਨੁਸੂਚਿਤ ਜਾਤੀ ਵਰਗ ਨਾਲ ਜੁੜੇ ਮੁੱਦਿਆਂ ਅਤੇ ਸਰਕਾਰੀ ਯੋਜਨਾਵਾਂ ਦਾ ਜ਼ਮੀਨੀ ਪੱਧਰ ’ਤੇ ਜਾਇਜ਼ਾ ਲਿਆ। ਇਸ ਮੌਕੇ ਉਨ੍ਹਾਂ ਨੇ ਡਿਪਟੀ ਸਪੀਕਰ ਨਾਲ ਮੁਲਾਕਾਤ ਕਰਕੇ ਹਲਕੇ ਵਿਚ ਅਨੁਸੂਚਿਤ ਜਾਤੀ ਵਰਗ ਦੇ ਵਿਕਾਸ, ਸਿੱਖਿਆ ਰੋਜ਼ਗਾਰ ਅਤੇ ਸਮਾਜਿਕ ਨਿਆਂ ਨਾਲ ਸਬੰਧਤ ਵਿਸ਼ਿਆਂ ’ਤੇ ਵਿਸਥਾਰ ਨਾਲ ਚਰਚਾ ਕੀਤੀ। ਜਸਵੀਰ ਸਿੰਘ ਗੜ੍ਹੀ ਨੇ ਪਿੰਡ ਗੜ੍ਹੀ ਮੱਟੋ ਸਥਿਤ ਨੈਸ਼ਨਲ ਪਬਲਿਕ ਸਕੂਲ ਵਿਖੇ ਵਿਦਿਆਰਥੀਆਂ ਨੂੰ ਪੋਸਟ ਮੈਟ੍ਰਿਕ ਸਕਾਲਰਸ਼ਿਪ ਯੋਜਨਾ ਦੀ ਵਿਸਥਾਰਤ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨੂੰ ਸਮੇਂ ਸਿਰ ਆਨਲਾਈਨ ਬਿਨੈ ਕਰਨ ਅਤੇ ਸਾਰੇ ਦਸਤਾਵੇਜ਼ ਪੂਰੇ ਰੱਖਣ ਲਈ ਪ੍ਰੇਰਿਤ ਕੀਤਾ। ਪੱਤਰਕਾਰਾਂ ਦੇ ਸਵਾਲਾਂ ਦੇ ਜਵਾਬ ਦਿੰਦੇ ਹੋਏ ਸ੍ਰੀ ਗੜ੍ਹੀ ਨੇ ਦੱਸਿਆ ਕਿ ਸਮਾਜਿਕ ਨਿਆਂ ਵਿਭਾਗ ਵੱਲੋਂ ਹਾਲ ਹੀ ਵਿਚ ਆਯੋਜਿਤ ਮੀਟਿੰਗ ਵਿਚ ਇਹ ਸਪੱਸ਼ਟ ਕੀਤਾ ਗਿਆ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਦੇ ਸਾਲ 2021-22 ਅਤੇ 2022 ਦੇ ਬਾਅਦ ਸਾਰੇ



ਬਕਾਇਆ ਭੁਗਤਾਨ ਪੰਜਾਬ ਸਰਕਾਰ ਵੱਲੋਂ ਨਿਪਟਾਏ ਜਾ ਚੁੱਕੇ ਹਨ, ਜਿਸ ਨਾਲ ਹਜ਼ਾਰਾਂ ਵਿਦਿਆਰਥੀਆਂ ਨੂੰ ਰਾਹਤ ਮਿਲੀ ਹੈ। ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਦੱਸਿਆ ਕਿ ਕਮਿਸ਼ਨ ਦੇ ਲਗਾਤਾਰ ਯਤਨਾਂ ਸਦਕਾ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿਚ ਐਸ.ਸੀ/ਐਸ.ਟੀ ਐਕਟ ਤਹਿਤ ਦਰਜ ਮਾਮਲਿਆਂ ਦੇ ਜਲਦ ਨਿਪਟਾਰੇ ਲਈ ਐਸ.ਪੀ. ਪੱਧਰ ਦੇ ਨੋਡਲ ਅਧਿਕਾਰੀ ਨਿਯੁਕਤ ਕੀਤੇ ਗਏ ਹਨ। ਜਦਕਿ ਰਾਜ ਪੱਧਰ ’ਤੇ ਡੀ.ਆਈ.ਜੀ. ਪੱਧਰ ਦੇ ਅਧਿਕਾਰੀ ਨੂੰ ਜ਼ਿੰਮੇਵਾਰੀ ਸੌਂਪੀ ਗਈ ਹੈ। ਉਨ੍ਹਾਂ ਕਿਹਾ ਕਿ ਕਮਿਸ਼ਨ ਦਾ ਉਦੇਸ਼ ਅਨੁਸੂਚਿਤ ਜਾਤੀ ਵਰਗ ਦੇ ਅਧਿਕਾਰਾਂ ਦੀ ਰੱਖਿਆ ਕਰਨਾ ਅਤੇ ਉਨ੍ਹਾਂ ਨੂੰ ਸਮੇਂ ਸਿਰ ਨਿਆਂ ਦਿਵਾਉਣਾ ਹੈ। ਉਨ੍ਹਾਂ ਦੱਸਿਆ ਕਿ ਕਮਿਸ਼ਨ ਵੱਲੋਂ ਪਿਛਲੇ 7 ਮਹੀਨੇ ਵਿਚ 3 ਹਜ਼ਾਰ ਤੋਂ ਵੱਧ ਫਾਇਲਾਂ ਦਾ ਨਿਪਟਾਰਾ ਕੀਤਾ ਗਿਆ । ਇਸ ਉਪਰੰਤ ਜਸਵੀਰ ਸਿੰਘ ਗੜ੍ਹੀ ਨੇ ਪਿੰਡ ਬੀਹੜਾ ਵਿਚ ਸਰਪੰਚਾਂ ਅਤੇ ਸਥਾਨਕ ਪ੍ਰਤੀਨਿਧੀਆਂ ਨਾਲ ਮੀਟਿੰਗ ਕਰਕੇ ਅਨੁਸੂਚਿਤ ਜਾਤੀ ਵਰਗ ਦੇ ਲੋਕਾਂ ਨੂੰ ਮਿਲ ਰਹੀਆਂ ਸਰਕਾਰੀ ਸੁਵਿਧਾਵਾਂ ਦੀ ਸਮੀਖਿਆ ਕੀਤੀ। ਉਨ੍ਹਾਂ ਪਿੰਡਾਂ ਦੀਆਂ ਪੰਚਾਇਤਾਂ ਨੂੰ ਨਿਰਦੇਸ਼ ਦਿੱਤੇ ਕਿ ਉਹ ਸਮਾਜਿਕ ਨਿਆਂ ਨਾਲ ਜੁੜੀਆਂ ਯੋਜਨਾਵਾਂ ਦੀ ਜਾਣਕਾਰੀ ਵੱਧ ਤੋਂ ਵੱਧ ਲੋਕਾਂ ਤੱਕ ਪਹੁੰਚਾਉਣ ਅਤੇ ਯੋਗ ਲਾਭਪਾਤਰੀਆਂ ਨੂੰ ਜੋੜਨ ਵਿਚ ਮੋਹਰੀ ਭੂਮਿਕਾ ਨਿਭਾਉਣ। ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨੇ ਪਿੰਡ ਜੱਸੋਵਾਲ ਸਥਿਤ ਗੁਰਦੁਆਰਾ ਸ਼ਹੀਦਾਂ ਵਿਚ ਸੰਤ ਬਾਬਾ ਚਰਨਜੀਤ ਸਿੰਘ ਜੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350ਵੇਂ ਸ਼ਹੀਦੀ ਦਿਵਸ ਸਬੰਧੀ ਗੁਰਮਤਿ ਸਮਾਗਮ ਵਿਚ ਹਾਜ਼ਰੀ ਭਰੀ ਅਤੇ ਸੰਗਤ ਨੂੰ ਗੁਰੂ ਸਾਹਿਬ ਦੇ ਜੀਵਨ ਅਤੇ ਬਲੀਦਾਨ ਤੋਂ ਪ੍ਰੇਰਨਾ ਲੈਣ ਲਈ ਕਿਹਾ। ਇਸ ਉਪਰੰਤ ਉਨ੍ਹਾਂ ਨੇ ਪਿੰਡ ਗੱਜਰ ਮਹਿਦੂਦ ਸਥਿਤ ਡੇਰਾ ਸੰਤ ਰਾਜੂ ਦਾਸ ਜੀ ਵਿਚ 108 ਸੰਤ ਸਤਨਾਮ ਦਾਸ ਜੀ ਨਾਲ ਮੁਲਾਕਾਤ ਕਰਕੇ ਲੋਕਾਂ ਨਾਲ ਸਮਾਜਿਕ ਸਦਭਾਵਨਾ ਅਤੇ ਏਕਤਾ ਦੀ ਅਪੀਲ ਕੀਤੀ।

# ਸਿੱਖ ਨੈਸ਼ਨਲ ਕਾਲਜ, ਬੰਗਾ, ਦੇ ਵਿਦਿਆਰਥੀਆਂ ਦਾ 34ਵੇਂ ਮੇਲਾ ਗਦਰੀ ਬਾਬਿਆਂ ਦਾ ਵਿੱਚ ਸ਼ਾਨਦਾਰ ਪ੍ਰਦਰਸ਼ਨ

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਦੇਸ਼ ਭਗਤ ਯਾਦਗਾਰ ਕਮੇਟੀ, ਜਲੰਧਰ, ਵੱਲੋਂ ਆਯੋਜਿਤ 34ਵਾਂ ਮੇਲਾ ਗਦਰੀ ਬਾਬਿਆਂ ਦਾ (ਗਦਰੀ ਗੁਲਾਬ ਕੌਰ ਦੇ ਵਿਛੋੜੇ ਦੀ ਸ਼ਤਾਬਦੀ 1925-2025 ਨੂੰ ਸਮਰਪਿਤ) ਦੇ ਦੂਸਰੇ ਦਿਨ(31 ਅਕਤੂਬਰ, 2025) ਦੇ ਮੁਕਾਬਲਿਆਂ ਵਿੱਚ ਸਿੱਖ ਨੈਸ਼ਨਲ ਕਾਲਜ, ਬੰਗਾ (ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ) ਦੇ ਵਿਦਿਆਰਥੀਆਂ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਕਾਲਜ ਦਾ ਨਾਮ ਰੌਸ਼ਨ ਕੀਤਾ। ਇਹ ਸਫਲਤਾ ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਦੀ ਰਾਹਨੁਮਾਈ ਹੇਠ ਪ੍ਰਾਪਤ ਹੋਈ। ਮੁਕਾਬਲਿਆਂ ਵਿੱਚ ਭਾਗ ਲੈਂਦਿਆਂ, ਕਾਲਜ ਦੀਆਂ ਬੀ. ਏ. ਭਾਗ ਦੂਸਰਾ ਤੇ ਤੀਸਰਾ ਦੀਆਂ ਵਿਦਿਆਰਥਣਾਂ ਟਵਿੰਕਲ, ਰਵੀਨਾ ਅਤੇ ਸੁਰਿੰਦਰ ਕੌਰ ਨੇ ਕੁਇਜ਼ ਮੁਕਾਬਲੇ ਵਿੱਚ 18 ਟੀਮਾਂ



ਵਿੱਚੋਂ ਚੌਥਾ ਸਥਾਨ ਹਾਸਲ ਕੀਤਾ। ਕੁਇਜ਼ ਮੁਕਾਬਲੇ ਦੇ ਇੰਚਾਰਜ ਡਾ. ਕੁਮਾਰੀ ਸਿਖਾ ਅਤੇ ਪ੍ਰੋ. ਕਿਸ਼ੋਰ ਕੁਮਾਰ ਸਨ। ਇਸੇ ਮੇਲੇ ਦੇ ਭਾਸ਼ਣ (ਇਲੋਕਿਊਸ਼ਨ) ਮੁਕਾਬਲੇ ਵਿੱਚ ਬੀ. ਏ. ਭਾਗ- ਪਹਿਲਾ ਦੇ ਵਿਦਿਆਰਥੀ ਗੁਰਦੀਪ ਸਰੋਏ ਨੇ 30 ਤੋਂ ਵੱਧ ਪ੍ਰਤੀਯੋਗੀਆਂ ਵਿੱਚੋਂ "ਹੌਂਸਲਾ ਵਧਾਊ" ਇਨਾਮ ਪ੍ਰਾਪਤ ਕੀਤਾ। ਇਸ ਮੁਕਾਬਲੇ ਦੇ ਇੰਚਾਰਜ ਡਾ. ਨਿਰਮਲਜੀਤ ਕੌਰ ਅਤੇ ਪ੍ਰੋ. ਤਜਿੰਦਰ ਸਿੰਘ ਸਨ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਤਿਆਰੀ ਵਿੱਚ ਪੂਰਾ ਸਹਿਯੋਗ ਦਿੱਤਾ। ਕਾਲਜ ਦੇ ਪ੍ਰਿੰਸੀਪਲ ਡਾ. ਤਰਸੇਮ ਸਿੰਘ ਹੁਰਾਂ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਇਸ ਪ੍ਰਾਪਤੀ ਲਈ ਮੁਬ-ਾਰਕਬਾਦ ਦਿੱਤੀ ਅਤੇ ਕਿਹਾ ਕਿ ਇਹ ਉਨ੍ਹਾਂ ਦੀ ਮਹਿਨਤ ਅਤੇ ਸਮਰਪਣ ਦਾ ਨਤੀਜਾ ਹੈ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਹੋਰ ਵਧੀਆ ਪ੍ਰਦਰਸ਼ਨ ਕਰਨ ਲਈ ਪ੍ਰੇਰਿਤ ਕੀਤਾ। ਸਥਾਨਕ ਪ੍ਰਬੰਧਕ ਕਮੇਟੀ ਦੇ ਸਕੱਤਰ ਸ. ਜਰਨੈਲ ਸਿੰਘ ਪੱਲੀਝਿੱਕੀ ਵੀ ਇਸ ਮੌਕੇ ਹਾਜ਼ਰ ਸਨ।

# ਇੰਜੀ: ਪੰਧੇਰ ਬਣੇ ਪੇਂਡੂ ਵਿਕਾਸ ਤੇ ਪੰਚਾਇਤੀ ਰਾਜ ਦੇ ਇੰਜੀਨੀਅਰਜ਼ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੇਂਡੂ ਵਿਕਾਸ ਅਤੇ ਪੰਚਾਇਤੀ ਰਾਜ ਵਿਭਾਗ ਪੰਜਾਬ ਵਿੱਚ ਸੇਵਾ ਨਿਭਾ ਰਹੇ ਜੂਨੀਅਰ ਇੰਜੀਨੀਅਰ/ ਸਹਾਇਕ ਇੰਜੀਨੀਅਰ ਅਤੇ ਪੱਦ-ਉੱਨਤ ਉਪ-ਮੰਡਲ ਅਫਸਰ ਐਸੋਸੀਏਸ਼ਨ ਪੰਜਾਬ ਦੀ ਸੂਬਾ ਪੱਧਰੀ ਚੋਣ ਸਰਬ ਸੰਮਤੀ ਨਾਲ ਕੀਤੀ ਗਈ, ਜਿਸ ਵਿੱਚ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਤੋਂ ਵਿਭਾਗ ਦੇ ਡਿਪਲੋਮਾ ਇੰਜੀਨੀਅਰਜ਼ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਜਥੇਬੰਦੀ ਦੇ ਸਮੂਹ ਅਹੁਦੇਦਾਰਾਂ ਦੀ ਸਰਵ ਸੰਮਤੀ ਨਾਲ ਚੋਣ ਕੀਤੀ ਗਈ। ਇਸ ਮੌਕੇ ਇਕੱਠੇ ਹੋਏ ਸਮੂਹ ਡੇਲੀਗੇਟਜ਼ ਵੱਲੋਂ ਬਾਹਾਂ ਖੜ੍ਹੀਆਂ ਕਰਕੇ ਇੰਜੀ: ਪਲਵਿੰਦਰ ਸਿੰਘ ਪੰਧੇਰ ਨੂੰ ਸਰਵ ਸੰਮਤੀ ਨਾਲ ਜਥੇਬੰਦੀ ਦਾ ਸੂਬਾ ਪ੍ਰਧਾਨ ਚੁਣਿਆ ਗਿਆ ਜਦ ਕਿ ਇੰਜੀਨੀਅਰ ਹਰਿੰਦਰ ਸਿੰਘ ਗਿੱਲ ਨੂੰ ਮੁੱਖ ਸਰਪ੍ਰਸਤ, ਇੰਜੀਨੀਅਰ ਹਰਮਨਜੀਤ ਸਿੰਘ ਧਾਲੀਵਾਲ ਨੂੰ ਸਰਪ੍ਰਸਤ ਇੰਜੀਨੀਅਰ ਨਿਤੀਸ਼ ਮਲਹੋਤਰਾ ਨੂੰ ਕਾਰਜਕਾਰੀ ਪ੍ਰਧਾਨ, ਇੰਜੀਨੀਅਰ ਦੀਪਕ ਸੇਠੀ ਨੂੰ ਜਨਰਲ ਸਕੱਤਰ, ਇੰਜੀਨੀਅਰ ਮੋਹਨਦੀਪ ਸਿੰਘ, ਇੰਜੀਨੀਅਰ ਜਸਪਾਲ ਮਸੀਹ , ਇੰਜੀਨੀਅਰ ਗੁਰਦਾਸ ਸਿੰਘ, ਇੰਜੀਨੀਅਰ ਸੰਜੀਵ ਕੁਮਾਰ ਅਤੇ ਇੰਜੀਨੀਅਰ ਅਸ਼ਵਨੀ ਗੇਰਾ ਨੂੰ ਸੀਨੀਅਰ ਮੀਤ ਪ੍ਰਧਾਨ ਚੁਣਿਆ ਗਿਆ। ਇਸੇ ਤਰ੍ਹਾਂ ਹੀ ਇੰਜੀਨੀਅਰ ਰਕੇਸ਼ ਝਾਅ ਅਤੇ ਇੰਜੀਨੀਅਰ ਸਤਿੰਦਰ ਸਿੰਘ ਗਿੱਲ ਨੂੰ ਮੀਤ ਪ੍ਰਧਾਨ, ਇੰਜੀਨੀਅਰ ਬਲਵਿੰਦਰ ਸਿੰਘ ਨੂੰ ਮੁੱਖ ਸਲਾਹਕਾਰ, ਇੰਜੀਨੀਅਰ ਬਲਜਿੰਦਰ ਸਿੰਘ ਅਤੇ ਇੰਜੀਨੀਅਰ ਜਗਮੀਤ ਸਿੰਘ ਨੂੰ ਸਕੱਤਰ , ਇੰਜੀਨੀਅਰ ਸਾਗਰ ਅਲੋਰੀਆ ਨੂੰ ਜਥੇਬੰਦੀ ਦਾ ਪ੍ਰੈਸ ਸਕੱਤਰ ਚੁਣਿਆ ਗਿਆ ਹੈ। ਇੰਜੀਨੀਅਰ ਚਰਨਦੀਪ ਸਿੰਘ ਨੂੰ ਤਕਨੀਕੀ ਸਲਾਹਕਾਰ, ਇੰਜੀਨੀਅਰ ਗੁਰਪ੍ਰੀਤ ਸਿੰਘ ਨੂੰ ਵਿੱਤ



**ਪੰਚਾਇਤੀ ਰਾਜ ਤੇ ਵਿਕਾਸ ਵਿਭਾਗ ਪੰਜਾਬ ਦੇ ਇੰਜੀਨੀਅਰਜ਼ ਐਸੋਸੀਏਸ਼ਨ ਦੇ ਨਵ-ਨਿਯੁਕਤ ਸੂਬਾ ਪ੍ਰਧਾਨ ਪਲਵਿੰਦਰ ਸਿੰਘ ਪੰਧੇਰ ਤੇ ਹੋਰ ਅਹੁਦੇਦਾਰ।**

ਸਕੱਤਰ ਜਦ ਕਿ ਇੰਜੀਨੀਅਰ ਹਿਮਾਂਸ਼ੂ ਬਹਿਲ, ਇੰਜੀਨੀਅਰ ਦੀਪ ਸਿੰਘ ਅਤੇ ਅਨਮੋਲ ਸਿੰਘ ਨੂੰ ਸੂਬਾ ਕਮੇਟੀ ਮੈਂਬਰ ਚੁਣਿਆ ਗਿਆ ਹੈ। ਕੀਤੀ ਗਈ ਚੋਣ ਦੌਰਾਨ ਫੈਸਲਾ ਕੀਤਾ ਗਿਆ ਕਿ ਸਾਰੇ ਜ਼ਿਲ੍ਹਿਆਂ ਦੇ ਪ੍ਰਧਾਨ ਸਟੇਟ ਕਮੇਟੀ ਦੇ ਕਾਰਜਕਾਰੀ ਮੈਂਬਰ ਹੋਣਗੇ। ਇਸ ਮੌਕੇ ਸੂਬਾ ਪ੍ਰਧਾਨ ਚੁਣੇ ਜਾਣ ਪਿੱਛੋਂ ਇੰਜ: ਪਲਵਿੰਦਰ ਸਿੰਘ ਪੰਧੇਰ ਨੇ ਸਮੂਹ ਇੰਜੀਨੀਅਰਜ਼ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਜਥੇਬੰਦੀ ਦੀ ਕਾਰਗੁਜ਼ਾਰੀ ਨੂੰ ਅੱਗੇ ਵਧਾਉਣ ਲਈ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੂੰ ਨਾਲ ਲੈ ਕੇ ਚੱਲਣਗੇ। ਉਨ੍ਹਾਂ ਕਿਹਾ ਕਿ ਇਸ ਵੇਲੇ ਡਿਪਲੋਮਾ ਇੰਜੀਨੀਅਰਜ਼ ਨੂੰ ਆਪਣੀ ਡਿਊਟੀ ਦੌਰਾਨ ਬਹੁਤ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਕਿਉਂਕਿ ਬਲਾਕ ਵਿੱਚ ਉਹਨਾਂ ਨੂੰ ਬੀ.ਡੀ.ਪੀ.ਓ. ਦੁਆਰਾ ਦਿੱਤੀਆਂ ਹਦਾਇਤਾਂ ਅਨੁਸਾਰ ਕੰਮ ਕਰਨਾ ਪੈ ਰਿਹਾ ਹੈ ਜਦ ਕਿ ਪੰਚਾਇਤਾਂ ਦੇ ਕੰਮ ਤਕਨੀਕੀ ਹੁੰਦੇ ਹਨ, ਜਿਸ ਬਾਰੇ ਇੰਜੀਨੀਅਰ /ਤਕਨੀਕੀ ਮਾਹਿਰ ਨੂੰ ਜਾਣਕਾਰੀ ਹੁੰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਅਕਸਰ ਬੀ.ਡੀ.ਪੀ.ਓ. ਆਪਣੀ ਮਰਜੀ ਨਾਲ ਪੰਚਾਇਤੀ ਕੰਮ ਕਰਵਾਉਣ ਨੂੰ ਤਰਜੀਹ ਦਿੰਦੇ ਹਨ, ਪਰ ਜਦੋਂ ਕੰਮ ਦੀ ਬਣਤਰ ਵਿੱਚ ਕੋਈ ਨੁਕਸ ਪੈ ਜਾਂਦਾ ਹੈ, ਤਾਂ ਕਸੂਰ ਵਾਰ ਜੂਨੀਅਰ ਇੰਜੀਨੀਅਰ ਨੂੰ ਬਣਾ ਦਿੱਤਾ ਜਾਂਦਾ ਹੈ। ਉਨ੍ਹਾਂ ਸਮੂਹ ਇੰਜੀਨੀਅਰਜ਼ ਨੂੰ ਜ਼ੋਰ ਦੇ ਕੇ ਕਿਹਾ ਕਿ ਉਹ ਕਦੇ ਵੀ ਅਜਿਹੇ ਪ੍ਰੋਜੈਕਟ ਉਪਰ ਆਪਣੇ ਦਸਤਖਤ ਨਾ ਕਰਨ, ਜਿਸ ਨਾਲ ਬਾਦ ਵਿੱਚ ਨਮੋਸ਼ੀ ਦਾ ਸਾਹਮਣਾ ਕਰਨਾ ਪਵੇ। ਇਸ ਮੌਕੇ ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਕੇਂਦਰ ਸਰਕਾਰ ਦੇ ਪੈਟਰਨ 'ਤੇ ਸੂਬੇ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਮਹਿੰਗਾਈ ਭੱਤੇ ਦੀਆਂ ਪੈਡਿੰਗ ਕਿਸ਼ਤਾਂ ਜਾਰੀ ਕੀਤੀਆਂ ਜਾਣ, ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦਾ ਬਕਾਇਆ ਦਿੱਤਾ ਜਾਵੇ, ਡਿਪਲੋਮਾ ਇੰਜੀਨੀਅਰਜ਼ ਦੀਆਂ ਸਮੇਂ ਸਿਰ ਪੱਦ-ਉੱਨਤ ਕੀਤੀਆਂ ਜਾਣ, ਕੱਚੇ ਮੁਲਾਜ਼ਮਾਂ ਦੀਆਂ ਰੈਗੂਲਰ ਕੀਤੀਆਂ ਜਾਣ। ਇਸ ਮੌਕੇ ਇਕੱਠ ਵਿੱਚ ਉਚੇਚੇ ਤੌਰ 'ਤੇ ਪਹੁੰਚੇ ਸਕੂਲਾਂ ਵਿੱਚ ਰਮਸਾ ਅਧੀਨ ਕੰਮ ਕਰ ਰਹੇ ਠੇਕਾ ਜੂਨੀਅਰ ਇੰਜੀਨੀਅਰ ਦੀਆਂ ਸੇਵਾਵਾਂ ਰੈਗੂਲਰ ਕੀਤੀਆਂ ਜਾਣ ਅਤੇ ਉਨ੍ਹਾਂ ਦੀਆਂ ਤਨਖਾਹਾਂ ਵਿੱਚ ਯੋਗ ਵਾਧਾ ਕੀਤਾ ਜਾਵੇ। ਇਸ ਮੌਕੇ ਨਵ-ਨਿਯੁਕਤ ਅਹੁਦੇਦਾਰਾਂ ਵੱਲੋਂ ਫੈਸਲਾ ਕੀਤਾ ਗਿਆ ਕਿ ਪੰਚਾਇਤ ਵਿਭਾਗ ਅਤੇ ਸਕੂਲਾਂ ਵਿੱਚ ਰਮਸਾ ਅਧੀਨ ਤੈਨਾਤ ਜੂਨੀਅਰ ਇੰਜੀਨੀਅਰਾਂ ਦੀਆਂ ਹੱਕੀ ਮੰਗਾਂ ਲਈ ਵੱਡੀ ਪੱਧਰ 'ਤੇ ਸੰਘਰਸ਼ ਵਿੱਢਿਆ ਜਾਵੇਗਾ।

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) ਸਰੀਰਕ ਸ਼ਕਤੀ ANAEMIA ... (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

2) ਮਾਨਸਿਕ ਸ਼ਕਤੀ ਲਈ (NERVE TONIC)- ... ਹਰ ਕਿਸੇ ਲਈ (ਇਕ ਲੀਟਰ ਤਿੰਨ ਮਹੀਨੇ ਲਈ) ਕੀਮਤ £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) ਮਰਦਾਨਾ ਤਾਕਤ ਦਾ ... ਨੁਸਖਾ- -------- 1 ਮਹੀਨੇ ਦੀ ਕੀਮਤ £35
2) ... ਨੁਸਖਾ- -------- 1 ਮਹੀਨੇ ਦੀ ਕੀਮਤ £35
3) ... (HEALTHY SPERMS) ... 1 ਮਹੀਨੇ ਦੀ ਕੀਮਤ £40
4) ... 1 ਮਹੀਨੇ ਦੀ ਕੀਮਤ £35
5) ... 1 ਮਹੀਨੇ ਦੀ ਕੀਮਤ £35
6) ... 1 ਮਹੀਨੇ ਦੀ ਕੀਮਤ £30
7) ... 1 ਮਹੀਨੇ ਦੀ ਕੀਮਤ £25
8) ... 1 ਮਹੀਨੇ ਦੀ ਕੀਮਤ £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ:
(AZOOSPERMIA), (HYDROCELE), (GONORRHOEA), (PROSTATE GLAND), (SYPHILIS), SPERMATIC (VARICOCELE) ...

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders) ...

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ।
LADY CONSULTANT & PRACTITIONER IS AVAILABLE, MRS. JASWINDER KAUR KHANBA BSYA. (HOM.) (A.P.) AND (NUTRI.)

## ਔਰਤਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ (SCIENTIFICALLY PROVEN 'NATURAL GIFTS')

ਨੁਸਖਾ ਨੰਬਰ 1 (IN TABLETS) ... (PIGMENTATION WHITE SPOTS) ... £69
ਨੁਸਖਾ ਨੰਬਰ 2 (IN CAPSULES OR IN PEARLS) ... PROPER SHAPE ... £89
ਨੁਸਖਾ ਨੰਬਰ 3 (IN CAPSULES) ... (POWERFUL FAT BURNER) ... £69
ਨੁਸਖਾ ਨੰਬਰ 4 (IN CAPSULES) ... FLAT ਅਤੇ TONED ... £69
ਨੁਸਖਾ ਨੰਬਰ 5 (IN CAPSULES) ... (FEMALE SEX-DRIVE) ... A REAL MAGIC ... £69
ਨੁਸਖਾ ਨੰਬਰ 6 (GEL IN APPLICATORS) ... SEXUAL DISCOMFORT ... (VAGINAL LUBRICATION GEL / MAGIC) —£49
ਨੁਸਖਾ ਨੰਬਰ 7 (IN CAPSULES) ... (MENOPAUSE) ... CALCIUM ... (OSTEOPOROSIS) ... £59
ਨੁਸਖਾ ਨੰਬਰ 8 (IN CAPSULES) ... -£59
ਨੁਸਖਾ ਨੰਬਰ 9 (IN CAPSULES) ... -£59
ਨੁਸਖਾ ਨੰਬਰ 10 (IN CAPSULES) ... GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) ... (ANAEMIA) ... £49

ਮਰਦਾਂ ਲਈ ਕੁਦਰਤੀ ਤੋਹਫੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) ... (SPECIAL OCCASIONS) ... £89
ਨੁਸਖਾ ਨੰਬਰ 13 (IN VIALS) ... £89
ਨੁਸਖਾ ਨੰਬਰ 14 (IN TABLETS) ... SEXUAL ... MALE DISORDERS ... £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: ... (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy) ਵਗੈਰਾ।

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ਆਪ ਜੀ ਦੀ ਲੋੜ ਅਨੁਸਾਰ ਬਣਾ ਕੇ ਦਿੰਦੇ ਹਾਂ ਸਾਡੇ ਆਪਣੇ ਕੁਝ SPECIFIC BRANDS ਇਸ ਤਰ੍ਹਾਂ ਹਨ (ਇਹ ਜਾਦੂ ਵਾਂਗ ਕੰਮ ਕਰਦੇ ਹਨ)

| | | |
|---|---|---|
| PILAES (IN OINTMENT) | ... | £19 |
| NURALACO (IN OINTMENT OR LOTION) | ... | £19 |
| CHILLAGA (IN OINTMENT OR LOTION) | ... | £19 |
| ARNSTRA (IN OINTMENT) | ... (BED SORES) ... | £19 |
| BELINFLA (IN OIL OR OINTMENT) | ... | £19 |
| BELULCE (IN OIL) | ... ULCERS ... | £19 |
| BRYJOIN (IN OIL) | ... | £19 |
| CALWOUN (IN OIL OR OINTMENT) | ... | £19 |
| BURCAN (IN LOTION OR OINTMENT) | ... | £19 |
| ROUTUM (IN OINTMENT) | ... | £19 |
| JOINRHU (IN OIL) | ... | £19 |
| ASSSIL (IN LOTION) | ... | £19 |
| ITCSUL (IN OIL) | ... | £19 |
| WARTHU (IN OIL) | ... (WARTS) ... | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRI.) HOM. CONSULTANT & PRACTITIONER.
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS STRICTLY ON APPOINTMENTS

# ਸਤਿਗੂਰੂ ਰਵਿਦਾਸ ਜੀ, ਸ੍ਰੀ ਗੁਰੂ ਨਾਨਕ ਦੇਵ ਜੀ ਮਿਲਾਪ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਦਾ ਸੰਤ ਸਰਵਣ ਦਾਸ,ਸੰਤ ਸਤਵਿੰਦਰ ਹੀਰਾ ਦੀ ਅਗਵਾਈ ਹੇਠ ਹੋਇਆ ਨਿੱਘਾ ਸਵਾਗਤ

**ਹੁਸ਼ਿਆਰਪੁਰ /ਲੁਧਿਆਣਾ 2 ਨਵੰਬਰ (ਤਰਸੇਮ ਦੀਵਾਨਾ )** ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਲੁਧਿਆਣਾ ਤੋਂ ਸ੍ਰੀ ਖੁਰਾਲਗੜ ਸਾਹਿਬ ਜਾਣ ਵਾਲੇ ਸ੍ਰੀ ਗੁਰੂ ਰਵਿਦਾਸ ਜੀ ਮਹਾਰਾਜ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਮਿਲਾਪ ਦਿਵਸ ਨੂੰ ਸਮਰਪਿਤ 19ਵੇਂ ਵਿਸ਼ਾਲ ਨਗਰ ਕੀਰਤਨ ਦਾ ਲੁਧਿਆਣਾ ਵਿਖੇ ਡੇਰਾ ਸੰਤ ਟਹਿਲ ਦਾਸ ਦੇ ਗੱਦੀ ਨਸ਼ੀਨ ਸੰਤ ਸਰਵਣ ਦਾਸ ਸਲੇਮਟਾਵਰੀ ਸੀਨੀ.ਮੀਤ ਪ੍ਰਧਾਨ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ ਅਤੇ ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ ਭਾਰਤ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਹਾਜਰ ਸੰਗਤਾਂ ਵਲੋਂ ਫੁੱਲਾਂ ਦੀ ਵਰਖਾ ਕਰਕੇ ਨਿੱਘਾ ਭਰਪੂਰ ਸਵਾਗਤ ਕੀਤਾ ਗਿਆ। ਸੰਤ ਸਰਵਣ ਦਾਸ ,ਸੰਤ ਸਤਵਿੰਦਰ ਹੀਰਾ ਨੇ ਨਗਰ ਕੀਰਤਨ ਦਾ ਸਵਾਗਤ ਕਰਦਿਆਂ ਕਿਹਾ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਮਿਲਾਪ ਇਕ ਇਤਿਹਾਸਕ ਦਿਨ ਹੈ, ਕਿਓਂਕਿ ਇਹਨਾਂ ਮਹਾਨ ਰਹਿਬਰਾਂ ਨੇ ਮਨੁੱਖਤਾ ਨੂੰ ਅਗਿਆਨਤਾ ਦੇ ਹਨੇਰੇ ਵਿਚੋਂ ਬਾਹਰ ਕੱਢਕੇ ਸਮੁੱਚੇ ਸੰਸਾਰ ਨੂੰ ਪਰਮਾਤਮਾ ਦੀ ਰਜ਼ਾ ਅਤੇ ਧਾਰਮਿਕ, ਸਮਾਜਿਕ ਕ੍ਰਾਂਤੀ ਦੇ ਫਲਸਫੇ ਹੇਠ ਮਨੁੱਖੀ ਜੀਵਨ ਜਿਉਣ ਦਾ ਰਸਤਾ ਦਿਖਾਇਆ ਹੈ। ਉਨਾਂ ਕਿਹਾ ਅੱਜ ਜੋ ਪ੍ਰਮੇਸ਼ਰ ਦੇ ਨਾਮਬਾਣੀ ਦੀ ਵਰਖਾ ਹੋ ਰਹੀ ਹੈ ਇਹ ਗੁਰੂਆਂ ਦੀ ਅਪਾਰ ਬਖਸ਼ਿਸ਼ ਹੈ। ਓਨਾਂ ਕਿਹਾ ਸੰਗਤਾਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਭੈ ਸਾਂਝੀਵਾਲ ਅਤੇ ਸਤਿਗੁਰੂ ਰਵਿਦਾਸ ਜੀ ਦੇ ਬੇਗਮਪੁਰਾ ਸ਼ਹਿਰ ਦੇ ਸੰਕਲਪ ਤੇ ਪਹਿਰਾ ਦੇਣ। ਇਸ ਮੌਕੇ ਗੁਰਦੇਵ ਸਿੰਘ, ਜਸਪ੍ਰੀਤ ਸਿੰਘ, ਐਡਵੋਕੇਟ ਚਰਨਜੀਤ ਸਿੰਘ, ਪ੍ਰਕਾਸ਼ ਸਿੰਘ, ਸਿੰਕਦਰ ਸਿੰਘ, ਹਰਬੰਸ ਸਿੰਘ, ਤਜਿੰਦਰ ਸਿੰਘ, ਬਹਾਦਰ ਸਿੰਘ, ਰਣਜੀਤ ਸਿੰਘ, ਕਰਮਜੀਤ ਸਿੰਘ ਸਹੋਤਾ, ਬਲਵੀਰ ਸਿੰਘ ਸਰਾਭਾ, ਬਲਵੀਰ ਮਹੇ, ਕਮਲ ਜਨਾਗਲ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜਰ ਸਨ।



# ਮਾਸਟਰ ਕੁਲਵਿੰਦਰ ਸਿੰਘ ਜੰਡਾ ਦਾ 14ਵਾਂ ਕਾਵਿ ਸੰਗ੍ਰਹਿ "ਮਹਿਕਦੇ ਕੰਡੇ" ਦਾ ਲੋਕ ਅਰਪਣ

## ਕਾਵਿ ਸੰਗ੍ਰਹਿ ਅਗਲੇ ਸਾਲ ਆਉਣ ਦਾ ਵਾਅਦਾ ਕਰਕੇ ਹੋਇਆ ਸਮਾਪਤ

**ਹੁਸ਼ਿਆਰਪੁਰ (ਤਰਸੇਮ ਦੀਵਾਨਾ ) –** ਹੁਸ਼ਿਆਰਪੁਰ ਸਥਿਤ ਦਾਵਤ ਹੋਟਲ ਵਿਖੇ ਮਾਸਟਰ ਕੁਲਵਿੰਦਰ ਸਿੰਘ ਜੰਡਾ ਦਾ 14ਵਾਂ ਕਾਵਿ ਸੰਗ੍ਰਹਿ 'ਮਹਿਕਦੇ ਕੰਡੇ" ਦਾ ਲੋਕ ਅਰਪਣ ਦਾ ਸਮਾਗਮ ਕੀਤਾ ਗਿਆ ! ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਸਮਾਜ ਸੇਵੀ ਅਨਿਲ ਮਹਾਜਨ, ਹਰਬੰਸ ਸਿੰਘ ਮੰਝਪੁਰ ਸਾਬਕਾ ਐਗਜੈਕਟਿਵ ਮੈਂਬਰ ਐਸ ਜੀ ਪੀ ਸੀ, ਪਰਮਿੰਦਰ ਸਿੰਘ ਪੰਨੂ ਡਾਇਰੈਕਟਰ ਕੋਆਪਰੇਟਿਵ ਬੈਂਕ, ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ! ਸਮਾਗਮ ਦੀ ਸ਼ੁਰੂਆਤ ਵਿੱਚ ਸਭ ਤੋਂ ਪਹਿਲਾਂ ਜੋਤੀ ਪ੍ਰਜਨਣ ਕਰਨ ਤੋਂ ਬਾਅਦ "ਸੱਭਿਆਚਾਰ ਸੰਭਾਲ ਸੁਸਾਇਟੀ" ਦੇ ਜਨਰਲ ਸਕੱਤਰ ਹਰਬੰਸ ਸਿੰਘ ਕਮਲ ਨੇ ਸਟੇਜ ਸੰਭਾਲੀ ਅਤੇ ਕਮਲ ਨੇ ਕਿਹਾ ਮਾਸਟਰ ਕੁਲਵਿੰਦਰ ਸਿੰਘ ਜੰਡਾ ਇਸ ਸੁਸਾਇਟੀ ਨੂੰ ਇੱਕ ਪ੍ਰਧਾਨ ਹੋਣ ਦੇ ਨਾਤੇ ਬੜੇ ਹੀ ਸੁਚੱਜੇ ਢੰਗ ਨਾਲ ਪਿਛਲੇ ਕਾਫੀ ਲੰਬੇ ਸਮੇਂ ਤੋਂ ਵਧੀਆ ਤਰੀਕੇ ਨਾਲ ਚਲਾ ਰਹੇ ਹਨ ! ਉਹਨਾਂ ਕਿਹਾ ਕਿ ਮਾਸਟਰ ਕੁਲਵਿੰਦਰ ਸਿੰਘ ਜੰਡਾ ਹਰ ਸਾਲ ਇੱਕ ਕਾਵਿ ਸੰਗ੍ਰਹਿ ਲੱਗਭਗ ਇਹਨਾਂ ਦਿਨਾਂ ਵਿੱਚ ਰਿਲੀਜ਼ ਕਰਦੇ ਹਨ ! ਉਹਨਾਂ ਕਿਹਾ ਕਿ ਮਾਸਟਰ ਕੁਲਵਿੰਦਰ ਸਿੰਘ ਜੰਡਾ ਵੱਲੋ ਇਹ 14ਵਾਂ ਕਾਵੀ ਸੰਗ੍ਰਹਿ "ਮਹਿਕ ਦੇ ਕੰਡੇ" ਬੜੀ ਮਿਹਨਤ ਤੇ ਲਗਨ ਨਾਲ ਤਿਆਰ ਕੀਤਾ ਗਿਆ ਹੈ ! ਉਹਨਾਂ ਕਿਹਾ ਕਿ ਮਾਸਟਰ ਜੰਡਾ ਵੱਲੋਂ ਤਿਆਰ ਕੀਤੇ ਗਏ ਕਾਵਿ ਸੰਗ੍ਰਹਿ "ਮਹਿਕਦੇ ਕੰਡੇ" ਵਿੱਚ ਜੁਦਾਈ ਤਨਹਾਈ, ਬਿਰਹੋ, ਪੀੜਾਂ ਦੇ ਦਰਦ, ਅਤੇ ਗਮ ਨਾਲ ਭਿੱਜੀਆਂ ਗਜ਼ਲਾਂ ਪੇਸ਼ ਕੀਤੀਆਂ ਗਈਆਂ ਹਨ ! ਇਸ ਮੌਕੇ ਸਟੇਜ ਸਕੱਤਰ ਨੇ ਮਹਾਨ ਸੰਗੀਤਕਾਰ ਪ੍ਰੋਫੈਸਰ ਬਲਰਾਜ ਨੂੰ ਸਟੇਜ ਤੇ ਆਉਣ ਦਾ ਸੱਦਾ ਦਿੱਤਾ ! ਪ੍ਰੋਫੈਸਰ ਬਲਰਾਜ ਨੇ ਮਾਸਟਰ ਜੰਡਾ ਦੀਆਂ ਲਿਖੀਆਂ ਗਜ਼ਲਾਂ ਨੂੰ ਦਰਦ ਭਰੀ ਆਵਾਜ਼ ਵਿੱਚ ਗਾ ਕੇ ਸਰੋਤਿਆਂ ਨੂੰ ਮੰਤਰ ਮੁਗਧ ਕੀਤਾ। ਇਸ ਤੋਂ ਬਾਅਦ ਡਾ. ਧਰਮਪਾਲ ਸਾਹਿਲ ਰਾਸ਼ਟਰਪਤੀ ਅਵਾਰਡੀ ਅਤੇ ਨਾਵਲਿਸਟ ਨੇ ਜੰਡਾ ਦੇ ਲਿਖੇ ਹੋਏ ਕਾਵਿ ਸੰਗ੍ਰਹਿ " ਮਹਿਕਦੇ ਕੰਡੇ" ਤੇ ਲਿਖਿਆ ਪਰਚਾ ਪੜਿਆ ਜਿਸ ਤੋਂ ਜੰਡਾਂ ਦੀਆਂ ਉਪਲਬਧੀਆਂ ਅਤੇ 14 ਕਾਵਿ ਸੰਗ੍ਰਹਿ ਬਾਰੇ ਜਾਣਕਾਰੀ ਦਿੱਤੀ ਗਈ। ਸਮਾਗਮ ਵਿਚ ਆਏ ਹੋਏ ਸਮਾਜ ਸੇਵੀ ਤੇ ਸੀਨੀਅਰ ਮੀਤ ਪ੍ਰਧਾਨ ਪੰਜਾਬ ਸ਼੍ਰੋਮਣੀ ਅਕਾਲੀ ਦਲ ( ਬਾਦਲ ) ਅਤੇ ਸਰਪ੍ਰਸਤ "ਸੱਭਿਆਚਾਰ ਸੰਭਾਲ ਸੁਸਾਇਟੀ" ਸੰਜੀਵ ਤਲਵਾੜ ਨੇ ਕਿਹਾ ਕਿ ਮਾਸਟਰ ਜੰਡਾ ਦਾ ਹਰ ਸਾਲ ਇੱਕ ਕਾਵਿ ਸੰਗ੍ਰਹਿ ਲੋਕ ਅਰਪਣ ਕਰਨਾ ਬਹੁਤ ਮਾਣ ਤੇ ਸਤਿਕਾਰ ਵਾਲੀ ਗੱਲ ਹੈ। ਉਹਨਾਂ ਮਾਸਟਰ ਜੰਡਾਂ ਦੇ ਕਾਰਜ ਨੂੰ ਦੇਖਦਿਆ ਕਿਹਾ ਕਿ ਜੰਡਾ ਵਧਾਈ ਦੇ ਪਾਤਰ ਹਨ ਕਿਉਂਕਿ ਜੰਡਾ ਪੰਜਾਬੀ ਮਾਂ ਬੋਲੀ ਦੀ ਸੇਵਾ ਬੜੇ ਲੰਬੇ ਸਮੇਂ ਤੋਂ ਕਰਦੇ ਆ ਰਹੇ ਹਨ ! ਇਸ ਤੋਂ ਉਪਰੰਤ ਮਹਾਨ ਕਵੀ ਰਘਵੀਰ ਸਿੰਘ ਟੇਰਕਿਆਣਾ ਜਿਹਨਾਂ ਨੇ "ਮਹਿਕਦੇ ਕੰਡੇ" ਦਾ ਮੁੱਖ ਬੰਦ ਲਿਖਿਆ ਹੈ ਨੇ ਆਪਣੇ ਸ਼ਾਇਰੀ ਅੰਦਾਜ ਵਿੱਚ ਜੰਡਾ ਵਲੋ ਇਸ ਸ਼ਬਦਾਂ ਦੇ ਭਰਪੂਰ ਖਜ਼ਾਨੇ ਨਾਲ ਸਿਰਜੇ ਕਾਵਿ ਸੰਗ੍ਰਹਿ ਨੂੰ ਬਿਆਨ ਕੀਤਾ ! ਉਹਨਾਂ ਕਿਹਾ ਕਿ ਮਾਸਟਰ ਜੰਡਾ ਰਾਜਨੀਤੀ ਵਿੱਚ ਇੱਕ ਸੱਚਾ ਤੇ ਸੁੱਚਾ ਲੀਡਰ ਵੀ ਹੈ ਅਤੇ ਸਾਹਿਤ ਵਿੱਚ ਵੀ ਬਿਰਹੋ ਦਾ ਦੇਵਤਾ ਹੈ ! ਇਸ ਮੌਕੇ ਹਰਬੰਸ ਸਿੰਘ ਮੰਝਪੁਰ ਨੇ ਕਿਹਾ ਕਿ ਮਾਸਟਰ ਜੰਡਾ ਦੀਆਂ ਲਿਖੀਆਂ ਗਜਲਾਂ ਵਿੱਚ ਛੁਪਿਆ ਹੋਇਆ ਦਰਦ ਉੱਘੇ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਯਾਦ ਦਵਾਉਂਦਾ ਹੈ ਉਹਨਾਂ ਮਾਸਟਰ ਜੰਡਾਂ ਨੂੰ ਦੁਆਬੇ ਦੇ ਸ਼ਿਵ ਕੁਮਾਰ ਬਟਾਲਵੀ ਦੇ ਨਾਮ ਨਾਲ ਨਿਵਾਜਿਆ ! ਇਸ ਤੋ ਉਪਰੰਤ ਪਰਵਿੰਦਰ ਸਿੰਘ ਪ੍ਰਿੰਸੀਪਲ ਖਾਲਸਾ ਕਾਲਜ ਮਾਹਿਲਪੁਰ ਨੇ ਕਿਹਾ ਕਿ ਮਾਸਟਰ ਕੁਲਵਿੰਦਰ ਸਿੰਘ ਜੰਡਾ ਸ਼ੁਰੂ ਤੋਂ ਹੀ ਪੰਜਾਬੀ ਮਾਂ ਬੋਲੀ ਦਾ ਸਤਿਕਾਰ ਕਰਨ ਵਾਲੇ ਵਿਅਕਤੀ ਹਨ। ਉਹਨਾਂ ਕਿਹਾ ਕਿ ਮਾਸਟਰ ਜੰਡਾ ਵੱਲੋਂ ਹਰ ਸਾਲ ਕਾਵੀ ਸੰਗ੍ਰਹਿ ਲੋਕ ਅਰਪਣ ਕਰਨਾ ਬਹੁਤ ਵੱਡੀ ਗੱਲ ਹੈ ! ਇਸ ਮੌਕੇ ਕਾਵਿ ਸੰਗ੍ਰਹਿ "ਮਹਿਕਦੇ ਕੰਡੇ" ਦਾ ਲੋਕ ਅਰਪਣ ਕਰਨ ਵੇਲੇ ਠੇਕੇਦਾਰ ਅਨਿਲ ਮਹਾਜਨ ਸਮਾਜ ਸੇਵੀ ਅਤੇ "ਸੱਭਿਆਚਾਰ ਸੰਭਾਲ ਸੁਸਾਇਟੀ" ਦੇ ਮੈਂਬਰਾਂ ਅਤੇ ਆਏ ਹੋਏ ਮਹਿਮਾਨਾਂ ਵੱਲੋਂ ਕੀਤਾ ਗਿਆ ! ਉੱਘੇ ਸਮਾਜ ਸੇਵੀ ਅਨਿਲ ਮਹਾਜਨ ਨੇ ਮਾਸਟਰ ਜੰਡਾ ਨੂੰ ਢੇਰ ਸਾਰੀਆਂ ਮੁਬਾਰਕਾਂ ਦਿੱਤੀਆਂ ! ਅੰਤ ਵਿੱਚ ਮਾਸਟਰ ਕੁਲਵਿੰਦਰ ਸਿੰਘ ਜੰਡਾ ਨੇ ਆਏ ਹੋਏ ਮਹਿਮਾਨਾਂ ਤੇ ਸੁਸਾਇਟੀ ਦੇ ਮੈਂਬਰਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ ! ਕੁਲ ਮਿਲਾ ਕੇ ਕਾਵਿ ਸੰਗ੍ਰਹਿ ਅਗਲੇ ਸਾਲ ਆਉਣ ਦਾ ਵਾਅਦਾ ਕਰਕੇ ਸਮਾਪਤ ਹੋਇਆ ! ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾਕਟਰ ਅਜੇ ਬੱਗਾ ਸਾਬਕਾ ਸਿਵਲ ਸਰਜਨ, ਜਗਜੀਵਨ ਕੁਮਾਰ ਰੇਂਜ ਅਫਸਰ, ਮੋਹਨ ਲਾਲ ਕਲਸੀ ਸਾਬਕਾ ਚੇਅਰਮੈਨ, ਲੈਕਚਰਆਰ ਮਲਕੀਤ ਸਿੰਘ ਜੌਹਲ, ਚੌਧਰੀ ਇੰਦਰਜੀਤ, ਰਣਜੀਵ ਕੁਮਾਰ ਤਲਵਾੜ, ਬਰਜਿੰਦਰ ਸਿੰਘ ਮਾਨ, ਡਾ ਕੁਲਦੀਪ ਸਿੰਘ, ਡਾ ਦਰਸ਼ਨ ਸਿੰਘ ਦਰਸ਼ਨ, ਪ੍ਰੋਫੈਸਰ ਅਜੀਤ ਸਿੰਘ ਜੱਬਲ, ਰਬਜੀਤ ਸਿੰਘ ਜੰਡਾ, ਗਰੀਮਾ ਕੌਰ ਜੰਡਾ, ਰੁਬਾਨੀ ਕੌਰ ਜੰਡਾ, ਰਹਿਮਤ ਕੌਰ ਜੰਡਾ, ਐਡਵੋਕੇਟ ਦਵਿੰਦਰ ਕੁਮਾਰ ਸ਼ਰਮਾ, ਜਤਿੰਦਰ ਕੁਮਾਰ ਸੂਦ ਪੰਜਾਬ ਪਬਲੀਕੇਸ਼ਨ, ਸੰਦੀਪ ਕੁਮਾਰ, ਅਰਮਾਨ, ਸੁਖਜੀਤ ਸਿੰਘ ਬੱਬੂ, ਤਰਲੋਕ ਸਿੰਘ ਸਹੋਤਾ, ਕਹਿਰ ਸਿੰਘ ਪੰਨੂ ਸਾਬਕਾ ਐਸਡੀਉ, ਹਰਜਿੰਦਰ ਸਿੰਘ ਹਰਗੜ੍ਹੀਆਂ, ਆਦਿ ਹਾਜ਼ਰ ਸਨ !



**ਫੋਟੋ ਅਜਮੇਰ ਦੀਵਾਨਾ**

# ਬਾਬਾ ਫਰੀਦ ਕਾਲਜ ਨੇ ਵਿਰਾਸਤ-ਏ-ਖਾਲਸਾ ਅਜਾਇਬ ਘਰ ਦਾ ਇੱਕ ਵਿਦਿਅਕ ਟੂਰ ਆਯੋਜਿਤ ਕੀਤਾ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਬਾਬਾ ਫਰੀਦ ਕਾਲਜ ਆਫ਼ ਫਾਰਮੇਸੀ, ਮੁੱਲਾਂਪੁਰ ਨੇ ਸ਼੍ਰੀ ਅਨੰਦਪੁਰ ਸਾਹਿਬ ਵਿੱਚ ਵਿਰ-ਾਸਤ-ਏ-ਖਾਲਸਾ ਅਜਾਇਬ ਘਰ ਦਾ ਇੱਕ ਦਿਨ ਦਾ ਵਿਦਿਅਕ ਟੂਰ ਆਯੋਜਿਤ ਕੀਤਾ। ਇਹ ਟੂਰ ਸ਼੍ਰੀ ਅਨੰਦਪੁਰ ਸਾਹਿਬ ਦੇ ਪਵਿੱਤਰ ਗੁਰਦੁਆਰਾ ਸਾਹਿਬ ਦੇ ਅਸ਼ੀਰਵਾਦ ਨਾਲ ਸ਼ੁਰੂ ਹੋਇਆ। ਟੂਰ ਦੌਰਾਨ, ਵਿਦਿਆਰਥੀਆਂ ਨੇ ਗਿਆਰਾਂ ਗੈਲਰੀਆਂ ਦਾ ਦੌਰਾ ਕੀਤਾ ਅਤੇ ਸਿੱਖ ਇਤਿਹਾਸ ਦੀ ਅਮੀਰ ਵਿਰ-ਾਸਤ ਦੀ ਪੜਚੋਲ ਕਰਦੇ ਹੋਏ ਅਤੀਤ ਵਿੱਚ ਡੂੰਘੇ ਉਤਰੇ। ਵਿਦਿਆਰਥੀਆਂ ਨੇ 15ਵੀਂ ਸਦੀ ਤੋਂ ਲੈ ਕੇ ਅੱਜ ਤੱਕ ਸਿੱਖ ਇਤਿਹਾਸ ਦੇ ਵੱਖ-ਵੱਖ ਪਹਿਲੂਆਂ ਦੀ ਵੀ ਪੜਚੋਲ ਕੀਤੀ। ਵਿਦਿਆਰਥੀਆਂ ਨੇ ਦੇਖਿਆ ਕਿ ਦਸਤਕਾਰੀ, ਕਢਾਈ ਦੇ ਨਮੂਨੇ ਅਤੇ ਗੈਲਰੀਆਂ ਇਤਿਹਾਸਕ ਘਟਨਾਵਾਂ ਦੀ ਪੂਰੀ ਸ਼੍ਰੇਣੀ ਨੂੰ ਕਿੰਨੀ ਚੰਗੀ ਤਰ੍ਹਾਂ ਦਰਸਾਉਂਦੀਆਂ ਹਨ। ਵਿਦਿਆਰਥੀਆਂ ਨੂੰ ਇਹ ਵੀ ਦੱਸਿਆ ਗਿਆ ਕਿ ਅਜਾਇਬ ਘਰ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦਸ ਮਿਲੀਅਨ ਲੋਕ ਇਸ ਦਾ ਦੌਰਾ ਕਰ ਚੁੱਕੇ ਹਨ, ਅਤੇ ਸੈਲਾਨੀਆਂ ਦੀ ਗਿਣਤੀ ਨੇ ਰਿਕਾਰਡ ਤੋੜ ਦਿੱਤੇ ਹਨ, ਜਿਸ ਨਾਲ ਇਹ ਭਾਰਤੀ ਉਪ ਮਹਾਂਦੀਪ ਵਿੱਚ ਸਭ ਤੋਂ ਵੱਧ ਦੇਖਿਆ ਜਾਣ ਵਾਲਾ ਅਜਾਇਬ ਘਰ ਬਣ ਗਿਆ ਹੈ। ਬਾਬਾ ਫਰੀਦ ਕਾਲਜ ਵਿਦਿਆਰਥੀਆਂ ਨੂੰ ਸੰਪੂਰਨ ਗਿਆਨ ਪ੍ਰਾਪਤ ਕਰਨ ਅਤੇ ਉਨ੍ਹਾਂ ਦੀ ਸ਼ਖਸੀਅਤ ਨੂੰ ਵਿਕਸਤ ਕਰਨ ਵਿੱਚ ਮਦਦ ਕਰਨ ਲਈ ਵੱਖ-ਵੱਖ ਪ੍ਰੋਗਰਾਮਾਂ ਦਾ ਆਯੋਜਨ ਕਰਦਾ ਹੈ। ਕਾਲਜ ਪ੍ਰਿੰਸੀਪਲ ਡਾ: ਅਰੁਣ ਕੌੜਾ ਨੇ ਇਸ ਸ਼ਾਨਦਾਰ ਸਮਾਗਮ ਦੀ ਯੋਜਨਾਬੰਦੀ ਅਤੇ ਆਯੋਜਨ ਲਈ ਸਤਿਕਾਰਯੋਗ ਪ੍ਰੋਫੈਸਰ ਸ਼੍ਰੀ ਮਨਦੀਪ ਸਿੰਘ ਅਤੇ ਸ਼੍ਰੀਮਤੀ ਬਲਬੀਰ ਕੌਰ ਦੇ ਯਤਨਾਂ ਦੀ ਸ਼ਲਾਘਾ ਕੀਤੀ।



# ਆਸਰੋਂ ਪੁਲਿਸ ਨੇ ਅਖਬਾਰਾਂ ਲੈ ਕੇ ਜਾ ਰਹੀ ਗੱਡੀ ਨੂੰ ਚੈਕਿੰਗ ਲਈ ਲੰਬਾ ਸਮਾਂ ਰੋਕਿਆ

## ਸਪਲਾਈ ਹੋਈ ਲੇਟ, ਕੋਈ ਕਾਰਨ ਨਹੀਂ ਦੱਸ ਸਕੇ ਪੁਲਿਸ ਮੁਲਾਜ਼ਮ

**ਨਵਾਂਸ਼ਹਿਰ /ਕਾਠਗੜ੍ਹ, 2 ਨਵੰਬਰ (ਜਤਿੰਦਰ ਪਾਲ ਸਿੰਘ ਕਲੇਰ )** ਅੱਜ ਬਲਾਚੌਰ ਰੋਪੜ੍ਹ ਨੈਸ਼ਨਲ ਹਾਈਵੇ 'ਤੇ ਸਥਿਤ ਹਾਈਟੈੱਕ ਨਾਕਾ ਆਸਰੋਂ ਉੱਤੇ ਪੁਲਿਸ ਚੌਂਕੀ ਆਸਰੋਂ ਵਲੋਂ ਵਾਹਨਾਂ ਦੀ ਚੈਕਿੰਗ ਦੌਰਾਨ ਚੰਡੀਗੜ੍ਹ ਤੋਂ ਆ ਰਹੀ ਅਖਬਾਰਾਂ ਦੀ ਸਪਲਾਈ ਲੈ ਕੇ ਗੱਡੀ ਦੀ ਪਹਿਲਾਂ ਹਾਈਟੈੱਕ ਨਾਕੇ ਆਸਰੋਂ ਉੱਤੇ ਚੈਕਿੰਗ ਕੀਤੀ ਲੇਕਿਨ ਫਿਰ ਆਸਰੋਂ ਚੌਂਕੀ ਲਿਜਾ ਕੇ ਲੰਬਾ ਸਮਾਂ ਚੈਕਿੰਗ ਲਈ ਰੋਕ ਕੇ ਰੱਖੀ ਗੱਡੀ ਜਿਸ ਕਾਰਨ ਅੱਜ ਅਖਬਾਰਾਂ ਦੀ ਸਪਲਾਈ ਆਮ ਨਾਲੋਂ ਕਾਫੀ ਦੇਰ ਨਾਲ ਪਹੁੰਚੀ ਜਿਸ ਨਾਲ ਵੱਖ-ਵੱਖ ਅਖਬਾਰੀ ਏਜੰਸੀਆਂ ਦੇ ਮਾਲਕ ਅਤੇ ਹਾਕਰਾਂ ਨੂੰ ਵੱਡੀ ਪਰੇਸ਼ਾਨੀ ਦਾ





ਸਾਹਮਣਾ ਕਰਨਾ ਪਿਆ।ਪ੍ਰਾਪਤ ਜਾਣਕਾਰੀ ਅਨੁਸਾਰ ਚੰਡੀਗੜ੍ਹ ਤੋਂ ਛਪਦੀਆਂ ਵੱਖ ਵੱਖ ਅਖਬਾਰਾਂ ਦੀ ਜੋ ਸਪਲਾਈ ਨਵਾਂਸ਼ਹਿਰ, ਬਲਾਚੌਰ ਖੇਤਰਾਂ ਤੱਕ ਪਹੁੰਚਦੀ ਹੈ ਪ੍ਰੰਤੂ ਅੱਜ ਤੜਕਸਾਰ ਜਦੋਂ ਇਹ ਸਪਲਾਈ ਲੈ ਕੇ ਗੱਡੀ ਹਾਈਟੈੱਕ ਨਾਕਾ ਆਸਰੋਂ 'ਤੇ ਪਹੁੰਚੀ ਤਾਂ ਪੁਲਿਸ ਨੇ ਗੱਡੀ ਨੂੰ ਰੋਕ ਕੇ ਬਾਰਿਕੀ ਨਾਲ ਚੈਕਿੰਗ ਕੀਤੀ ਗਈ ਪਰ ਜਦੋਂ ਤਸੱਲੀ ਨਾ ਹੋਈ ਤਾਂ ਪੁਲਿਸ ਮੁਲਾਜ਼ਮ ਗੱਡੀ ਨੂੰ ਆਸਰੋਂ ਚੌਂਕੀ ਲੈ ਗਏ ਅਤੇ ਗੱਡੀ ਦੇ ਵਿਚ ਲੱਦਿਆਂ ਅਖਬਾਰਾਂ ਉਤਾਰ ਕੇ ਗੱਡੀ ਦੀ ਛਾਣਬੀਣ



**ਅਖਬਾਰਾਂ ਦੀ ਸਪਲਾਈ ਵਾਲੀ ਗੱਡੀ ਨੂੰ ਰੋਕਣ ਬਾਰੇ ਦੱਸਦਾ ਹੋਏ ਪੁਲਿਸ ਮੁਲਾਜ਼ਮ ਤੇ ਗੱਡੀ ਦਾ ਡਰਾਈਵਰ।**

ਕਰਦੇ ਰਹੇ ਅਤੇ ਲਈ ਢਾਈ- ਤਿੰਨ ਘੰਟੇ ਦੀ ਚੈਕਿੰਗ ਮਗਰੋਂ ਵੀ ਪੁਲਿਸ ਨੂੰ ਕੁਝ ਨਾ ਲੱਭਿਆ । ਅਖਬਾਰਾਂ ਦੀ ਸਪਲਾਈ ਵਿਚ ਦੇਰੀ ਹੋਣ ਕਾਰਨ ਜਦੋਂ ਨਿਊਜ਼ ਪੇਪਰ ਏਜੈਂਟਾਂ ਨੇ ਗੱਡੀ ਦੇ ਡਰਾਈਵਰਾਂ ਨੂੰ ਫੋਨ ਕੀਤਾ ਤਾ ਉਨ੍ਹਾਂ ਦੇ ਫੋਨ ਬੰਦ ਆ ਰਹੇ ਸਨ। ਫਿਰ ਉਹਨਾਂ ਨੇ ਗੱਡੀ ਦੇ ਮਾਲਕ ਨੂੰ ਫੋਨ ਕੀਤਾ ਤਾਂ ਉਸ ਨੇ ਦੱਸਿਆ ਕਿ ਗੱਡੀ ਨੂੰ ਆਸਰੋਂ ਪੁਲਿਸ ਨੇ ਚੈਕਿੰਗ ਲਈ ਰੋਕਿਆ ਹੋਇਆ ਹੈ ਅਤੇ ਡਰਾਈਵਰ ਦਾ ਫੋਨ ਬੰਦ ਹੈ।ਜਦੋਂ ਇਸ ਗੱਲ ਦਾ ਪਤਾ ਲੱਗਾ ਤਾਂ ਪੱਤਰਕਾਰਾਂ ਟੀਮ ਆਸਰੋਂ ਚੌਂਕੀ ਪਹੁੰਚੀ ਅਤੇ ਗੱਡੀ ਨੂੰ ਲੰਬਾ ਸਮਾਂ ਰੋਕੇ ਜਾਣ ਦਾ ਕਾਰਨ ਪੁੱਛਿਆ ਤਾਂ ਪੁਲਿਸ ਮੁਲਾਜ਼ਮਾਂ ਵੀ ਦੱਸਣ ਤੋਂ ਆਨਾਕਾਨੀ ਕਰਦੇ ਉਨ੍ਹਾਂ ਨੇ ਕਿਹਾ ਕਿ ਇਹ ਹੁਕਮ ਉੱਪਰੋਂ ਆਏ ਹਨ । ਜਦੋਂ ਇਸ ਸਬੰਧ ਵਿਚ ਗੱਡੀ ਦੇ ਡਰਾਈਵਰ ਨਾਲ ਗੱਲ ਕੀਤੀ ਤਾਂ ਉਸ ਨੇ ਦੱਸਿਆ ਕਿ ਉਸ ਨੂੰ ਆਸਰੋਂ ਚੌਕੀ ਲਿਆ ਕੇ ਫੋਨ ਬੰਦ ਕਰਵਾ ਕੇ ਬਿਠਾ ਦਿੱਤਾ ਅਤੇ ਗੱਡੀ ਦੀ ਚੈਕਿੰਗ ਕੀਤੀ ਜਾਂਦੀ ਰਹੀ। ਉਸ ਨੇ ਦੱਸਿਆ ਕਿ ਉਨ੍ਹਾਂ ਕਰੀਬ 6 ਵਜੇ ਤੱਕ ਰੋਕੇ ਜਾਣ ਨਾਲ ਜਿੱਥੇ ਸਪਲਾਈ ਪਹੁੰਚਾਣੀ ਸੀ ਉਹ ਉਹ ਕਰੀਬ 2 ਤੋਂ 3 ਘੰਟੇ ਲੇਟ ਪਹੁੰਚੇਗੀ।ਪੱਤਰਕਾਰਾਂ ਦੇ ਚੌਕੀ ਵਿੱਚੋਂ ਜਾਣ ਉਪਰੰਤ ਗੱਡੀ ਨੂੰ ਤਰੁੰਤ ਛੱਡ ਦਿੱਤਾ ਗਿਆ ।

# ਜਗਰਾਉਂ ਵਿੱਚ ਤੇਜਪਾਲ ਦੇ ਪੀੜਤ ਪਰਿਵਾਰ ਨਾਲ ਮੁਲਾਕਾਤ ਨੂੰ ਮਿਲੇ ਵੜਿੰਗ

**● ਕਿਹਾ: ਪੰਜਾਬ ਵਿੱਚ ਗੈਂਗਵਾਰ ਸ਼ੁਰੂ ਹੋ ਚੁੱਕੀ ਹੈ ● ਲੋਕਾਂ ਨੂੰ ਮਾਰਨ ਦੀ ਸਰਪ੍ਰਸਤੀ ਹਾਸਲ ਕਰਨ ਲਈ ਮੁਕਾਬਲੇ ਕਰ ਰਹੇ ਹਨ ਗੈਂਗ**

**ਲੁਧਿਆਣਾ 2 ਨਵੰਬਰ (ਕਰਨੈਲ ਸਿੰਘ ਐੱਮ.ਏ.)** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਪੰਜਾਬ ਵਿੱਚ ਗੈਂਗ ਵਾਰ ਸ਼ੁਰੂ ਹੋ ਚੁੱਕੇ ਹਨ ਅਤੇ ਵੱਖ-ਵੱਖ ਗੈਂਗ ਸਰਪ੍ਰਸਤੀ ਹਾਸਲ ਕਰਨ ਲਈ ਇੱਕ ਦੂਜੇ ਨਾਲ ਮੁਕਾਬਲਾ ਕਰ ਰਹੇ ਹਨ, ਜਦੋਂ ਕਿ ਪੰਜਾਬ ਪੁਲਿਸ ਅਤੇ ਸਰਕਾਰ ਸਿਰਫ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖ ਰਹੇ ਹਨ।

ਸਮਾਜ ਵੀਕਲੀ ਨਿਊਜ਼

ਵੜਿੰਗ, ਜਿਹੜੇ ਸਥਾਨਕ ਸੰਸਦ ਮੈਂਬਰ ਵੀ ਹਨ, ਨੇ ਇੱਥੇ ਐਸਐਸਪੀ ਦਫ਼ਤਰ ਨੇੜੇ ਸ਼ੁੱਕਰਵਾਰ ਨੂੰ ਦਿਨ-ਦਿਹਾੜੇ ਕਤਲ ਕੀਤੇ ਗਏ ਕਬੱਡੀ ਖਿਡਾਰੀ ਤੇਜਪਾਲ ਦੇ ਪਰਿਵਾਰ ਨਾਲ ਮੁਲਾਕਾਤ ਕਰਕੇ ਦੁੱਖ ਸਾਂਝਾ ਕੀਤਾ। ਸੂਬਾ ਕਾਂਗਰਸ ਪ੍ਰਧਾਨ ਨੇ ਹਰ ਤਰ੍ਹਾਂ ਦੀ ਮਦਦ ਅਤੇ ਸਹਾਇਤਾ ਦਾ ਭਰੋਸਾ ਦਿੰਦੇ ਹੋਏ, ਪੀੜਤ ਪਰਿਵਾਰ ਨਾਲ ਹਮਦਰਦੀ ਪ੍ਰਗਟਾਈ।

ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ, ਸੂਬਾ ਕਾਂਗਰਸ ਪ੍ਰਧਾਨ ਨੇ ਕਿਹਾ ਕਿ ਪਰਿਵਾਰ ਬੇਸੁਧ ਹੈ, ਜਿਸਨੇ ਆਪਣਾ ਇਕਲੌਤਾ ਪੁੱਤਰ ਗੁਆ ਦਿੱਤਾ ਹੈ। ਉਨ੍ਹਾਂ ਕਿਹਾ ਪੰਜਾਬ ਪੁਲਿਸ, ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਨੂੰ ਸ਼ਰਮ ਮਹਿਸੂਸ ਕਰਨੀ ਚਾਹੀਦੀ ਹੈ ਕਿ ਉਹ ਮਾਸੂਮ ਅਤੇ ਬੇਸਹਾਰਾ ਲੋਕਾਂ ਦੀ ਜਾਨ ਦੀ ਰੱਖਿਆ ਵੀ ਨਹੀਂ ਕਰ ਸਕਦੇ ਹਨ।



ਵੜਿੰਗ ਨੇ ਪੰਜਾਬ ਭਰ ਵਿੱਚ ਅਪਰਾਧਿਕ ਗਿਰੋਹਾਂ ਦੇ ਹੋ ਰਹੇ ਵਾਧੇ 'ਤੇ ਗੰਭੀਰ ਚਿੰਤਾ ਪ੍ਰਗਟ ਕੀਤੀ, ਜਿਨ੍ਹਾਂ ਨੇ ਲੋਕਾਂ ਨੂੰ ਬੇਰਹਿਮੀ ਨਾਲ ਮਾਰਨਾ ਸ਼ੁਰੂ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਅੱਤਵਾਦ ਦੇ ਦੌਰ ਦੌਰਾਨ ਵੀ ਇਸ ਹੱਦ ਤੱਕ ਡਰ ਨਹੀਂ ਸੀ। ਉਨ੍ਹਾਂ ਨੇ ਜ਼ੋਰ ਦਿੰਦਿਆਂ ਕਿਹਾ ਕਿ ਅਪਰਾਧਿਕ ਗਿਰੋਹ ਲੋਕਾਂ ਨੂੰ ਮਾਰਨ ਅਤੇ ਸਰਪ੍ਰਸਤੀ ਹਾਸਲ ਕਰਨ ਲਈ ਇੱਕ ਦੂਜੇ ਨਾਲ ਖੂਨੀ ਮੁਕਾਬਲੇ ਵਿੱਚ ਸ਼ਾਮਲ ਹੋ ਗਏ ਜਾਪਦੇ ਹਨ, ਤਾਂ ਜੋ ਉਹ ਵੱਧ ਤੋਂ ਵੱਧ ਫਿਰੌਤੀ ਵਸੂਲ ਸਕਣ। ਹਾਲਾਤ ਇੰਨੇ ਬਿਗੜ ਚੁੱਕੇ ਹਨ ਕਿ ਅਪਰਾਧੀ ਅਤੇ ਗੈਂਗਸਟਰ ਹੁਣ ਲੋਕਾਂ ਦੇ ਸਾਹਮਣੇ ਕਿਸੇ ਨੂੰ ਮਾਰਨ ਅਤੇ ਫਿਰ ਕਾਨੂੰਨ ਦੇ ਡਰ ਤੋਂ ਬਿਨਾਂ ਇਨ੍ਹਾਂ ਕਤਲਾਂ ਨੂੰ ਆਪਣੇ ਨਾਮ ਕਰਨ ਦੀ ਹਿੰਮਤ ਰੱਖਦੇ ਹਨ।

ਸੂਬਾ ਕਾਂਗਰਸ ਪ੍ਰਧਾਨ ਨੇ ਚੇਤਾਵਨੀ ਦਿੱਤੀ ਕਿ ਇਨ੍ਹਾਂ ਭਿਆਨਕ ਘਟਨਾਵਾਂ ਦਾ ਪੰਜਾਬ ਦੀ ਤਰੱਕੀ 'ਤੇ ਵਿਨਾਸ਼ਕਾਰੀ ਪ੍ਰਭਾਵ ਪਵੇਗਾ, ਜਿਹੜੀ ਪਹਿਲਾਂ ਹੀ ਪਟੜੀ ਤੋਂ ਉਤਰ ਗਈ ਹੈ। ਉਨ੍ਹਾਂ ਸਖ਼ਤ ਸ਼ਬਦਾਂ ਵਿੱਚ ਖਦਸ਼ਾ ਪ੍ਰਗਟ ਕੀਤਾ ਕਿ ਅਜਿਹੀਆਂ ਘਟਨਾਵਾਂ ਇੱਕ ਰੁਟੀਨ ਬਣ ਜਾਣ ਕਾਰਨ ਉਦਯੋਗ ਚਿੰਤਤ ਹਨ, ਕਿਉਂਕਿ ਉਹ ਹੁਣ ਇੱਥੇ ਸੁਰੱਖਿਅਤ ਮਹਿਸੂਸ ਨਹੀਂ ਕਰ ਰਹੇ ਹਨ।

ਵੜਿੰਗ ਨੇ ਕਿਹਾ ਕਿ ਹੁਣ ਵੀ ਪੰਜਾਬ ਪੁਲਿਸ ਅਤੇ ਪੰਜਾਬ ਸਰਕਾਰ ਇਸ ਤਰ੍ਹਾਂ ਬੇਫਿਕਰ ਜਾਪਦੇ ਹਨ, ਜਿਵੇਂ ਕਿ ਕੁਝ ਹੋਇਆ ਹੀ ਨਾ ਹੋਵੇ।

# ਬੈਂਕ ਆਫ਼ ਮਹਾਰਾਸ਼ਟਰ ਵੱਲੋਂ ਵਿਜੀਲੈਂਸ ਜਾਗਰੂਕਤਾ ਰੈਲੀ ਦਾ ਆਯੋਜਨ, ਸਾਈਬਰ ਅਪਰਾਧ ਵਿਰੁੱਧ ਸੁਚੇਤ ਰਹੋ: ਏਸੀਪੀ ਗੁਰਦੇਵ ਸਿੰਘ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਜਨਤਕ ਖੇਤਰ ਦੇ ਇੱਕ ਮੋਹਰੀ ਬੈਂਕ, ਬੈਂਕ ਆਫ਼ ਮਹਾਰਾਸ਼ਟਰ, ਲੁਧਿਆਣਾ ਦੇ ਜ਼ੋਨਲ ਦਫ਼ਤਰ ਨੇ ਜ਼ੋਨਲ ਮੈਨੇਜਰ ਐਸ.ਕੇ. ਤ੍ਰਿਵੇਦੀ ਦੀ ਅਗਵਾਈ ਹੇਠ ਵਿਜੀਲੈਂਸ ਜਾਗਰੂਕਤਾ ਹਫ਼ਤਾ ਮਨਾਇਆ। ਏਸੀਪੀ ਟ੍ਰੈਫਿਕ ਗੁਰਦੇਵ ਸਿੰਘ ਮੁੱਖ ਮਹਿਮਾਨ ਸਨ। ਇੱਕ ਸਹੁੰ ਚੁੱਕੀ ਗਈ ਅਤੇ ਵਿਜੀਲੈਂਸ ਜਾਗਰੂਕਤਾ ਰੈਲੀ ਕੱਢੀ ਗਈ, ਜਿਸ ਵਿੱਚ ਜ਼ੋਨਲ ਦਫ਼ਤਰ ਦੇ ਸਾਰੇ ਅਧਿਕਾਰੀਆਂ ਅਤੇ ਕਰਮਚਾਰੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ, ਬੈਨਰ ਅਤੇ ਤਖ਼ਤੀਆਂ ਫੜੀਆਂ ਹੋਈਆਂ ਸਨ ਵਿਜੀਲੈਂਸ ਅਫ਼ਸਰ ਆਰ.ਡੀ.ਮੀਨਾ ਦੀ ਅਗਵਾਈ ਹੇਠ ਅਤੇ ਡਿਪਟੀ ਜ਼ੋਨਲ ਮੈਨੇਜਰ ਸਨਤ ਕੁਮਾਰ ਮਹਾਰਾਣਾ ਦੀ ਮੌਜੂਦਗੀ ਵਿੱਚ ਸਟਾਫ਼ ਮੈਂਬਰਾਂ ਨੂੰ



ਸੰਬੋਧਨ ਕਰਦਿਆਂ, ਐਸ.ਕੇ. ਤ੍ਰਿਵੇਦੀ ਨੇ ਵਿਜੀਲੈਂਸ ਜਾਗਰੂਕਤਾ ਹਫ਼ਤੇ ਦੀ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਉਨ੍ਹਾਂ ਨੂੰ ਭ੍ਰਿਸ਼ਟਾਚਾਰ ਮੁਕਤ ਭਾਰਤ ਵੱਲ ਕੰਮ ਕਰਨ ਲਈ ਉਤਸ਼ਾਹਿਤ ਕੀਤਾ। ਏਸੀਪੀ ਗੁਰਦੇਵ ਸਿੰਘ ਨੇ ਸਾਈਬਰ ਅਪਰਾਧ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਅਤੇ ਉਨ੍ਹਾਂ ਨੂੰ ਸੁਚੇਤ ਰਹਿਣ ਲਈ ਉਤਸ਼ਾਹਿਤ ਕੀਤਾ।

# ਪੰਜਾਬ ਵਿੱਚ ਕਾਨੂੰਨ ਵਿਵਸਥਾ ਦੀ ਮਾੜੀ ਹਾਲਤ ਗੰਭੀਰ ਚਿੰਤਾ ਦਾ ਵਿਸ਼ਾ - ਰਜਨੀਸ਼ ਧੀਮਾਨ

## ਪੰਜਾਬ ਵਿੱਚ ਕਾਨੂੰਨ ਵਿਵਸਥਾ ਹੋਈ ਢਹਿ ਢੇਰੀ, ਮੁੱਖ ਮੰਤਰੀ ਭਗਵੰਤ ਮਾਨ ਰਾਜਨੀਤੀ ਕਰਨ ਵਿੱਚ ਵਿਅਸਤ

**ਲੁਧਿਆਣਾ 2 ਨਵੰਬਰ (ਕਰਨੈਲ ਸਿੰਘ ਐੱਮ.ਏ.)** ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਜਨੀਸ਼ ਧੀਮਾਨ ਨੇ ਇੱਕ ਮੀਟਿੰਗ ਵਿੱਚ ਕਿਹਾ ਕਿ ਜਦੋਂ ਤੋਂ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਸੱਤਾ ਵਿੱਚ ਆਈ ਹੈ, ਪੰਜਾਬ ਵਿੱਚ ਕਾਨੂੰਨ ਵਿਵਸਥਾ ਬਹੁਤ ਵਿਗੜ ਗਈ ਹੈ। ਕੱਲ੍ਹ ਜਗਰਾਉਂ ਵਿੱਚ 26 ਸਾਲਾ ਕਬੱਡੀ ਖਿਡਾਰੀ ਤੇਜਪਾਲ ਸਿੰਘ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਇਹ ਘਟਨਾ ਸ਼ੁੱਕਰਵਾਰ ਨੂੰ ਦਿਨ-ਦਿਹਾੜੇ ਹਰੀ ਸਿੰਘ ਹਸਪਤਾਲ ਰੋਡ 'ਤੇ ਵਾਪਰੀ। ਹਮਲਾਵਰ ਇੱਕ ਕਾਰ ਵਿੱਚ ਆਏ, ਪਹਿਲਾਂ ਤੇਜਪਾਲ ਨੂੰ ਕੁੱਟਿਆ ਅਤੇ ਫਿਰ ਉਸਨੂੰ ਗੋਲੀ ਮਾਰ ਦਿੱਤੀ। ਜ਼ਿਲ੍ਹਾ ਪ੍ਰਧਾਨ ਧੀਮਾਨ ਨੇ ਕਿਹਾ ਕਿ ਸੂਬੇ ਵਿੱਚ ਹਰ ਰੋਜ਼ ਉਦਯੋਗਪਤੀਆਂ, ਕਾਰੋਬਾਰੀਆਂ ਅਤੇ ਸਿਆਸਤਦਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਪੁਲਿਸ ਗੈਂਗ ਵਾਰਾਂ ਅਤੇ ਟਾਰਗੇਟ ਕਿਲਿੰਗਾਂ ਨੂੰ ਅੰਜਾਮ ਦੇਣ ਵਾਲੇ ਗੈਂਗਸਟਰਾਂ 'ਤੇ ਕਾਰਵਾਈ ਕਰਨ ਵਿੱਚ ਬੇਅਸਰ ਸਾਬਤ ਹੋ ਰਹੀ ਹੈ। ਧੀਮਾਨ ਨੇ ਸੂਬੇ ਦੀ ਵਿਗੜਦੀ ਕਾਨੂੰਨ ਵਿਵਸਥਾ ਦੀ ਸਥਿਤੀ ਲਈ ਮੁੱਖ ਮੰਤਰੀ ਭਗਵੰਤ ਮਾਨ



'ਤੇ ਵਰ੍ਹਦਿਆਂ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਬਦਲਾਅ ਨੂੰ ਲੈਕੇ 'ਆਪ' ਸਰਕਾਰ ਉੱਤੇ ਵਿਸ਼ਵਾਸ ਕਰਦਿਆਂ ਇਹਨਾਂ ਨੂੰ ਭਾਰੀ ਬਹੁਮਤ ਨਾਲ ਜਿਤਾਇਆ। ਪਰ, ਪਿਛਲੇ ਸਾਢੇ ਤਿੰਨ ਸਾਲਾਂ ਤੋਂ 'ਆਪ' ਸਰਕਾਰ ਦੇ ਨੁਮਾਇੰਦਿਆਂ ਨੇ ਲੋਕਾਂ ਨਾਲ ਵਿਸ਼ਵਾਸਘਾਤ ਕੀਤਾ ਹੈ। ਅੱਜ ਪੰਜਾਬ ਦੇ ਲੋਕ 'ਆਪ' ਸਰਕਾਰ ਨੂੰ ਚੁਣ ਕੇ ਖ਼ੂਨ ਦੇ ਹੰਝੂ ਵਹਾਉਣ ਲਈ ਮਜਬੂਰ ਹਨ। ਸੂਬੇ ਵਿੱਚ ਰੋਜ਼ਾਨਾ ਹੋ ਰਹੀਆਂ ਲੁੱਟ-ਖਸੁੱਟ ਅਤੇ ਕਤਲ ਦੀਆਂ ਘਟਨਾਵਾਂ ਆਮ ਨਾਗਰਿਕਾਂ ਨੂੰ ਅਸੁਰੱਖਿਅਤ ਮਹਿਸੂਸ ਕਰਵਾ ਰਹੀਆਂ ਹਨ, ਜਦੋਂ ਕਿ 'ਆਪ' ਦੇ ਨੁਮਾਇੰਦੇ ਦਾਅਵਾ ਕਰ ਰਹੇ ਹਨ ਕਿ ਕਾਨੂੰਨ ਵਿਵਸਥਾ ਠੀਕ ਹੈ। ਉਥੇ ਹੀ ਮੁੱਖ ਮੰਤਰੀ ਭਗਵੰਤ ਮਾਨ ਸੂਬੇ ਨੂੰ ਰਾਮ ਭਰੋਸੇ ਛੱਡ ਅਰਵਿੰਦ ਕੇਜਰੀਵਾਲ ਦੀ ਚਾਪਲੂਸੀ ਕਰਨ ਵਿੱਚ ਰੁੱਝੇ ਹੋਏ ਹਨ, ਪੰਜਾਬ ਦੀ ਸਥਿਤੀ 1990 ਦੇ ਦਹਾਕੇ ਨਾਲੋਂ ਵੀ ਮਾੜੀ ਹੈ, ਪਰ ਮੁੱਖ ਮੰਤਰੀ ਭਗਵੰਤ ਮਾਨ ਨੂੰ ਕੋਈ ਚਿੰਤਾ ਨਹੀਂ ਹੈ। ਉਹ ਕੇਜਰੀਵਾਲ ਅਤੇ ਦੂਜੇ ਰਾਜਾਂ ਵਿੱਚ 'ਆਪ' ਸਰਕਾਰ ਦੇ ਝੂਠੇ ਪ੍ਰਚਾਰ ਵਿੱਚ ਰੁੱਝੇ ਹੋਏ ਹਨ। ਉਨ੍ਹਾਂ ਅੱਗੇ ਕਿਹਾ ਕਿ ਜੇਕਰ ਮੁੱਖ ਮੰਤਰੀ ਭਗਵੰਤ ਮਾਨ ਪੰਜਾਬ ਨੂੰ ਨਹੀਂ ਸੰਭਾਲ ਸਕਦੇ, ਤਾਂ ਉਨ੍ਹਾਂ ਨੂੰ ਨੈਤਿਕ ਆਧਾਰ 'ਤੇ ਅਸਤੀਫਾ ਦੇ ਦੇਣਾ ਚਾਹੀਦਾ ਹੈ। ਅੱਜ, ਪੰਜਾਬ ਦੇ ਲੋਕ 2027 ਦੀ ਬੇਸਬਰੀ ਨਾਲ ਉਡੀਕ ਕਰ ਰਹੇ ਹਨ, ਜਦੋਂ ਉਹ ਦਿੱਲੀ ਵਾਂਗ ਪੰਜਾਬ ਤੋਂ ਵੀ 'ਆਪ' ਸਰਕਾਰ ਨੂੰ ਚਲਦਾ ਕਰਨਗੇ ਮੀਟਿੰਗ ਵਿੱਚ ਜ਼ਿਲ੍ਹਾ ਜਨਰਲ ਸਕੱਤਰ ਸਰਦਾਰ ਨਰਿੰਦਰ ਸਿੰਘ ਮੱਲੀ, ਯਸ਼ਪਾਲ ਜਨੋਤਰਾ, ਜ਼ਿਲ੍ਹਾ ਉਪ ਪ੍ਰਧਾਨ ਮਹੇਸ਼ ਸ਼ਰਮਾ, ਡਾ: ਨਿਰਮਲ ਨਈਅਰ, ਮਨੀਸ਼ ਚੋਪੜਾ, ਸਹਿ-ਖਜ਼ਾਨਚੀ ਅਤੁਲ ਜੈਨ, ਬੁਲਾਰੇ ਸੁਰੇਂਦਰ ਕੌਸ਼ਲ ਅਤੇ ਕਾਨੂੰਨੀ ਸੈੱਲ ਦੇ ਪ੍ਰਧਾਨ ਕੇ.ਜੀ. ਸ਼ਰਮਾ ਮੌਜੂਦ ਸਨ।

# ਪੰਜਾਬੀ ਅਦਬੀ ਸੰਗਤ ਲਹੌਰ ਪਾਕਿਸਤਾਨ ਦਾ ਹਫ਼ਤਾਵਾਰ ਤਨਕੀਦੀ ਪ੍ਰੋਗਰਾਮ ਤੇ ਮੁਸ਼ਾਇਰਾ..



**ਕਸੂਰ (ਲਹਿੰਦਾ ਪੰਜਾਬ)**

**ਅਮਰਜੀਤ ਸਿੰਘ ਜੀਤ**

ਪੰਜਾਬੀ ਅਦਬੀ ਸੰਗਤ ਲਾਹੌਰ ਦਾ ਹਫਤਾਵਾਰੀ ਸਾਹਿਤਕ ਇਕੱਠ ਤੇ ਮੁਸ਼ਾਇਰਾ ਸਾਹਿਤ ਤੇ ਕਲਾ ਨਾਲ ਸੰਬੰਧਤ ਅਦਾਰੇ ਪਲਾਕ ਦੇ ਸਹਿਯੋਗ ਨਾਲ ਸ਼ਾਮ 6 ਵਜੇ ਦਿਨ ਜੁਮਾ 31 ਅਕਤੂਬਰ 2025 ਪੰਜਾਬੀ ਬੈਠਕ ਪਲਾਕ, ਗਦਾਫ਼ੀ ਸਟੇਡੀਅਮ ਫਿਰੋਜਪੁਰ ਰੋਡ ਲਾਹੌਰ ਵਿਖੇ ਹੋਇਆ। ਇਸ ਮੁਸ਼ਾਇਰੇ ਦੀ ਸਦਾਰਤ ਨੌਜਵਾਨ ਸ਼ਾਇਰ ਯਾਸੀਨ ਯਾਸ ਹੋਰਾਂ ਕੀਤੀ । ਇਸ ਮੌਕੇ ਮਹਿਮਾਨ-ਏ-ਖ਼ਸੂਸੀ ਮਜ਼ੱਮਲ ਜ਼ਾਇਰ ਨਕਵੀ ਫੂਲ ਨਗਰ , ਲਿਆਕਤ ਅਲੀ ਕੰਵਲ ਛਾਂਗਾ ਮਾਂਗਾ ਤੇ ਅਦਲ ਮਿਨਹਾਸ ਲਾਹੌਰੀ ਸਨ।ਇਸ ਮੌਕੇ ਪੰਜਾਬੀ ਮਾਂ ਬੋਲੀ ਤੇ ਪੰਜਾਬੀਅਤ ਦੀ ਤਰੱਕੀ ਲਈ ਅਹਿਦ ਕੀਤਾ ਗਿਆ ਉਪਰੰਤ ਹਾਜ਼ਰ ਸ਼ਾਇਰਾਂ ਨੇ ਆਪਣੇ ਕਲਾਮ ਪੇਸ਼ ਕਰਕੇ ਭਰਪੂਰ ਰੰਗ ਬੰਨ੍ਹਿਆ।

ਜਿਨ੍ਹਾਂ ਸ਼ਾਇਰ ਦੋਸਤਾਂ ਏਸ ਪ੍ਰੋਗਰਾਮ ਚ ਸ਼ਿਰਕਤ ਕੀਤੀ ਉਨ੍ਹਾਂ ਵਿਚ ਤਸਨੀਮ ਤਸਦਕ , ਸਦੀਕ ਜੌਹਰ , ਮੁਸ਼ਤਾਕ ਕਮਰ , ਯੂਨਸ ਵਰਿਆਮ ,ਈਮਾਨ ਅੱਲ੍ਹਾ ਖ਼ਾਕੀ ਤੇ ਸਦੀਕ ਅਣਜਾਣ ਹੋਰੀਂ ਸ਼ਾਮਿਲ ਸਨ। ਬੇਸ਼ੱਕ ਸ਼ਹਿਰ ਵਿਚ ਟ੍ਰੈਫ਼ਿਕ ਜਾਮ ਹੋਣ ਕਾਰਨ ਸ਼ਾਇਰਾਂ ਨੂੰ ਮੁਸ਼ਾਇਰੇ ਚ ਪਹੁੰਚਣ ਲਈ ਭਾਰੀ ਦਿੱਕਤ ਦਾ ਸਾਹਮਣਾ ਕਰਨਾ ਪਿਆ ਤੇ ਕਾਫੀ ਸ਼ਾਇਰ ਮਿੱਤਰ ਏਸ ਪ੍ਰੋਗਰਾਮ ਚ ਸ਼ਰੀਕ ਨਹੀਂ ਵੀ ਹੋ ਸਕੇ ਪਰ ਫਿਰ ਵੀ ਪ੍ਰਬੰਧਕੀ ਟੀਮ ਅਤੇ ਅਦਬੀ ਸੰਗਤ ਲਾਹੌਰ ਦੇ ਕਰਤਾ ਧਰਤਾ ਐਮ ਵਾਈ ਸ਼ਾਹਿਦ ਹੋਰੀਂ ਮੁਬਾਰਕਬਾਦ ਦੇ ਹੱਕਦਾਰ ਹਨ,ਜਿਹਨਾਂ ਨੇ ਏਨੇ ਮੁਸ਼ਕਲ ਹਾਲਾਤਾਂ ਚ ਵੀ ਹਿੰਮਤ ਨਹੀਂ ਹਾਰੀ ਤੇ ਇਕ ਸ਼ਾਨਦਾਰ ਮੁਸ਼ਾਇਰਾ ਕਰਵਾਣ ਚ ਕਾਮਯਾਬ ਹੋਏ।

**ਯਾਸੀਨ ਯਾਸ**
**ਫੂਲ ਨਗਰ (ਕਸੂਰ)**
**ਲਹਿੰਦਾ ਪੰਜਾਬ**

# ਅੱਪਰਾ ਵਿਖੇ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਧੂਮਧਾਮ ਨਾਲ ਸ਼ੁਰੂ

**ਫਿਲੌਰ/ਅੱਪਰਾ, (ਦੀਪਾ)-** ਫੁੱਟਬਾਲ ਕਲੱਬ ਅੱਪਰਾ ਵਲੋਂ ਐਨ. ਆਰ. ਆਈ ਵੀਰਾਂ, ਗ੍ਰਾਮ ਪੰਚਾਇਤ ਅੱਪਰਾ ਤੇ ਸਮੂਹ ਅੱਪਰਾ ਵਾਸੀਆਂ ਦੇ ਸਹਿਯੋਗ ਨਾਲ ਸ਼ਾਨਦਾਰ ਫੁੱਟਬਾਲ ਟੂਰਨਾਮੈਂਟ ਅੱਜ ਤੋਂ ਫੁੱਟਬਾਲ ਗਰਾਊਡ, ਸਾਹਮਣੇ ਐੱਸ. ਡੀ. ਪਬਲਿਕ ਸਕੂਲ ਛੋਕਰਾਂ ਰੋਡ ਅੱਪਰਾ ਵਿਖੇ ਧੂਮਧਾਮ ਨਾਲ ਸ਼ੁਰੂ ਹੋ ਗਿਆ ਹੈ । ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਟੂਰਨਾਮੈਂਟ ਦੇ ਉਦਘਾਟਨੀ ਸਮਾਰੋਹ ਮੌਕੇ ਅੱਜ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ । ਟੂਰਨਾਮੈਂਟ ਦਾ ਉਦਘਾਟਨ ਉੱਘੇ ਸਮਾਜ ਸੇਵਕ ਜਤਿੰਦਰ ਕੁਮਾਰ (ਰਿੰਕੂ ਖੋਸਲਾ), ਪ੍ਰਿੰਸੀਪਲ ਸ਼ਿਵ ਕੁਮਾਰ ਗੌਤਮ ਤੇ ਸਾਂਈ ਅਤਾਉੱਲਾ ਕਾਦਰੀ ਉਰਫ ਮੋਤੀ ਸਾਂਈ ਨੇ ਸਾਂਝੇ ਤੌਰ 'ਤੇ ਰੀਬਨ ਕੱਟ ਕੇ ਕੀਤਾ, ਜਦਕਿ ਇਸ ਮੌਕੇ ਸਾਂਈ ਕ੍ਰਿਸ਼ਨ ਲਾਲ ਜੀ ਗੱਦੀਨਸ਼ੀਨ ਦਰਬਾਰ ਸੇਖ ਨਸੀਰਾ ਜੀ, ਮੋਹਣ ਲਾਲ ਪੰਚ, ਹਰਬੰਸ ਲਾਲ ਪੰਚ,





ਸੋਮਨਾਥ ਸਾਬਕਾ ਪੰਚ, ਕੁਲਵਿੰਦਰ ਕਿੰਦਾ ਸਾਬਕਾ ਪੰਚ, ਮੋਹਣ ਸਿੰਘ ਸਾਬਕਾ ਪੰਚ, ਅਸ਼ੋਕ ਸੱਭਰਵਾਲ, ਅਮਰਨਾਥ ਨਾਥੀ, ਬਿਹਾਰੀ ਲਾਲ ਸਾਬਕਾ ਪੰਚ, ਵਿਨੋਦ ਕੁਮਾਰ ਸੋਨੂੰ, ਗੋਰਾ, ਬੰਟੀ ਤੇ ਹੋਰ ਨੌਜਵਾਨ ਹਾਜ਼ਰ ਸਨ । ਇਸ ਮੌਕੇ ਉਦਗਾਟਨੀ ਮੈਚ ਅਸ਼ਾਹੂਰ ਤੇ ਗੋਰਾਇਆ ਵਿਚਕਾਰ ਖੇਡਿਆ ਗਿਆ । ਟੂਰਨਾਮੈਂਟ ਦੇ ਪਹਿਲੇ ਦਿਨ ਕੁੱਲ ਨੌ ਮੈਚ ਕਰਵਾਏ ਗਏ । ਇਸ ਮੌਕੇ ਗੁਰੂ ਕੇ ਲੰਗਰ ਤੇ ਚਾਹ ਦੇ ਲੰਗਰ ਅਤੁੱਟ ਵਰਤਾਏ ਗਏ ।

# ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਦੀ ਸੈਨਟ ਅਤੇ ਸਿੰਡੀਕੇਟ ਭੰਗ ਕਰਨ ਦੀ ਸਖ਼ਤ ਨਿੰਦਾ : ਕਰੀਮਪੁਰੀ

**ਚੰਡੀਗੜ੍ਹ/ਜਲੰਧਰ(ਚਰਨਜੀਤ ਸੱਲ੍ਹਾਂ),** ਬਹੁਜਨ ਸਮਾਜ ਪਾਰਟੀ (ਬਸਪਾ) ਪੰਜਾਬ ਦੇ ਪ੍ਰਧਾਨ ਅਤੇ ਚੰਡੀਗੜ੍ਹ ਇੰਚਾਰਜ ਡਾ. ਅਵਤਾਰ ਸਿੰਘ ਕਰੀਮਪੁਰੀ ਨੇ ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ 59 ਸਾਲ ਪੁਰਾਣੀ ਸੈਨਟ ਅਤੇ ਸਿੰਡੀਕੇਟ ਨੂੰ ਭੰਗ ਕਰਨ ਦੇ ਫੈਸਲੇ ਦੀ ਸਖ਼ਤ ਨਿੰਦਾ ਕੀਤੀ ਹੈ। ਡਾ. ਕਰੀਮਪੁਰੀ ਨੇ ਇੱਕ ਸਖ਼ਤ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਜਿਸ ਦਿਨ ਸਮੁੱਚਾ ਪੰਜਾਬ 'ਪੰਜਾਬ ਦਿਵਸ' ਮਨਾ ਰਿਹਾ ਹੈ, ਉਸੇ ਦਿਨ ਕੇਂਦਰ ਸਰਕਾਰ ਨੇ ਇਹ ਫੈਸਲਾ ਸੁਣਾ ਕੇ ਪੰਜਾਬ ਦੇ ਹੱਕਾਂ 'ਤੇ ਇੱਕ ਗਹਿਰਾ ਵਾਰ ਕੀਤਾ ਹੈ।

"ਇਹ ਫੈਸਲਾ ਸਿੱਧੇ ਤੌਰ 'ਤੇ ਪੰਜਾਬ ਯੂਨੀਵਰਸਿਟੀ ਨੂੰ ਪੰਜਾਬ ਕੋਲੋਂ ਖੋਹਣ ਦੀ ਇੱਕ ਸਾਜ਼ਿਸ਼ ਹੈ, ਜਿਸ ਨੂੰ ਬਹੁਜਨ ਸਮਾਜ ਪਾਰਟੀ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕਰੇਗੀ।"

**ਮੁੱਖ ਨੁਕਤੇ:**

ਫੈਸਲੇ ਦੀ ਨਿੰਦਾ: ਬਸਪਾ ਪੰਜਾਬ, ਕੇਂਦਰ ਸਰਕਾਰ ਦੇ ਇਸ ਲੋਕਤੰਤਰ ਵਿਰੋਧੀ ਅਤੇ ਪੰਜਾਬ ਵਿਰੋਧੀ ਫੈਸਲੇ ਦੀ ਪੁਰਜ਼ੋਰ ਨਿੰਦਾ ਕਰਦੀ ਹੈ। ਪੰਜਾਬ ਦੇ ਹੱਕਾਂ 'ਤੇ ਡਾਕਾ: ਪੰਜਾਬ ਯੂਨੀਵਰਸਿਟੀ 'ਤੇ ਪੰਜਾਬ ਦਾ ਇਤਿਹਾਸਕ ਅਤੇ ਕਾਨੂੰਨੀ ਹੱਕ ਹੈ, ਅਤੇ ਇਸ ਦੇ ਪ੍ਰਬੰਧਕੀ ਢਾਂਚੇ ਨੂੰ ਖ਼ਤਮ ਕਰਨਾ ਸੂਬੇ ਦੇ ਅਧਿਕਾਰਾਂ 'ਤੇ ਸਿੱਧਾ ਡਾਕਾ ਹੈ। ਤੁਰੰਤ ਵਾਪਸੀ ਦੀ ਮੰਗ: ਡਾ. ਕਰੀਮਪੁਰੀ ਨੇ ਕੇਂਦਰ ਸਰਕਾਰ ਨੂੰ ਚੇਤਾਵਨੀ ਦਿੰਦਿਆਂ ਕਿਹਾ ਕਿ ਉਹ ਤੁਰੰਤ ਬਿਨਾਂ ਕਿਸੇ ਦੇਰੀ ਦੇ ਇਸ ਫੈਸਲੇ ਨੂੰ ਵਾਪਸ ਲਵੇ ਅਤੇ ਸੈਨਟ ਤੇ ਸਿੰਡੀਕੇਟ ਦੀਆਂ ਚੋਣਾਂ ਨੂੰ ਬਹਾਲ ਕਰੇ। ਲੋਕਤੰਤਰ ਦਾ ਕਤਲ: ਉਨ੍ਹਾਂ ਕਿਹਾ ਕਿ ਸੈਨਟ ਅਤੇ ਸਿੰਡੀਕੇਟ ਯੂਨੀਵਰਸਿਟੀ ਦੀਆਂ ਸਭ ਤੋਂ ਉੱਚੀਆਂ ਲੋਕਤੰਤਰੀ ਸੰਸਥਾਵਾਂ ਹਨ। ਇਨ੍ਹਾਂ ਨੂੰ ਭੰਗ ਕਰਨਾ ਵਿਦਿਅਕ ਅਤੇ ਪ੍ਰਬੰਧਕੀ ਖ਼ੁਦਮੁਖਤਿਆਰੀ ਦੇ ਨਾਲ-ਨਾਲ ਲੋਕਤੰਤਰ ਦਾ ਵੀ ਕਤਲ ਹੈ।



ਡਾ. ਕਰੀਮਪੁਰੀ ਨੇ ਕਿਹਾ ਕਿ ਜੇਕਰ ਕੇਂਦਰ ਸਰਕਾਰ ਨੇ ਆਪਣਾ ਫੈਸਲਾ ਵਾਪਸ ਨਾ ਲਿਆ ਤਾਂ ਬਹੁਜਨ ਸਮਾਜ ਪਾਰਟੀ ਪੰਜਾਬ ਦੇ ਹੱਕਾਂ ਲਈ ਸੰਘਰਸ਼ ਨੂੰ ਹੋਰ ਤੇਜ਼ ਕਰੇਗੀ ਅਤੇ ਕੇਂਦਰ ਸਰਕਾਰ ਦੀਆਂ ਪੰਜਾਬ ਵਿਰੋਧੀ ਨੀਤੀਆਂ ਦਾ ਡਟ ਕੇ ਵਿਰੋਧ ਕਰੇਗੀ। ਉਨ੍ਹਾਂ ਪੰਜਾਬ ਦੇ ਸਮੂਹ ਵਿਦਿਅਕ ਅਤੇ ਸਿਆਸੀ ਸੰਗਠਨਾਂ ਨੂੰ ਵੀ ਇਸ ਮੁੱਦੇ 'ਤੇ ਇੱਕਜੁੱਟ ਹੋਣ ਦੀ ਅਪੀਲ ਕੀਤੀ ਕਰੀਮਪੁਰੀ ਨੇ ਪੰਜਾਬੀਆਂ ਨੂੰ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਬਸਪਾ ਦੀ ਪੰਜਾਬ ਸੰਭਾਲੋ ਮਹਿਮ ਦੇ ਦੂਸਰੇ ਪੜਾਅ ਵਿੱਚ ਮੁਹਿੰਮ ਦਾ ਹਿੱਸਾ ਬਣਨ ਦੀ ਅਪੀਲ ਵੀ ਕੀਤੀ।

# 08 ਨਵੰਬਰ ਦੀ ਜੀ ਟੀ ਯੂ ਦੀ ਜਨਰਲ ਕੌਂਸਲ ਦੀ ਤਿਆਰੀ ਸੰਬੰਧੀ ਬਲਾਕ ਫਿਲੌਰ ਵਿੱਚ ਤਿਆਰੀ ਲਈ ਵੱਖ ਵੱਖ ਸਕੂਲਾਂ ਵਿੱਚ ਮੀਟਗਾਂ

**ਫਿਲੌਰ/ਅੱਪਰਾ 2 ਨਵੰਬਰ (ਦੀਪਾ)**-ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਜਲੰਧਰ ਵਿਖੇ 08 ਨਵੰਬਰ ਨੂੰ ਹੋ ਰਹੀ ਜਨਰਲ ਕੌਂਸਲ ਦੀ ਤਿਆਰੀ ਸਬੰਧੀ ਗੌਰਮਿੰਟ ਟੀਚਰਜ਼ ਯੂਨੀਅਨ ਜਿਲਾ ਜਲੰਧਰ ਦੇ ਫੈਸਲੇ ਅਨੁਸਾਰ ਵੱਖ ਵੱਖ ਸਕੂਲਾਂ ਵਿੱਚ ਮੀਟਗਾਂ ਕੀਤੀਆਂ ਜਾ ਰਹੀਆਂ ਹਨ । ਇਸ ਸੰਬੰਧੀ ਬਲਾਕ ਫਿਲੌਰ ਦੇ ਕਈ ਸਕੂਲ ਇਸ ਮੁਹਿੰਮ ਤਹਿਤ ਕਵਰ ਕੀਤੇ ਗਏ, ਇਸ ਸੰਬੰਧੀ ਸਰਕਾਰੀ ਹਾਈ ਸਕੂਲ ਮਾਓ ਸਾਹਿਬ, ਪ੍ਰਾਇਮਰੀ ਸਕੂਲ ਮਾਓ ਸਾਹਿਬ, ਮਿਡਲ ਸਕੂਲ ਮੀਆਂਵਾਲ, ਪ੍ਰਾਇਮਰੀ ਸਕੂਲ ਮੀਆਂਵਾਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਪਰਤਬਪੁਰਾ, ਸਰਕਾਰੀ ਪ੍ਰਾਇਮਰੀ ਸਕੂਲ ਪਰਤਾਬਪੁਰਾ , ਸਰਕਾਰੀ ਪ੍ਰਾਇਮਰੀ ਸਕੂਲ ਬੇਗਮਪੁਰ, ਸਰਕਾਰੀ ਮਿਡਲ ਸਕੂਲ ਕੰਗ ਅਰਈਆਂ, ਪ੍ਰਾਇਮਰੀ ਸਕੂਲ ਕੰਗ ਆਦਿ ਵਿੱਚ ਮੀਟਿੰਗਾਂ ਕਰਕੇ ਜਿੱਥੇ ਗੌਰਮਿੰਟ ਟੀਚਰਜ਼ ਯੂਨੀਅਨ ਪੰਜਾਬ ਦੀ ਜਨਰਲ ਕੌਂਸਿਲ ਦੀ ਮਹੱਤਤਾ ਬਾਰੇ ਕਰਨੈਲ ਫਿਲੌਰ , ਰਾਜਿੰਦਰ ਕੁਮਾਰ, ਸੰਦੀਪ ਕੁਮਾਰ, ਲੇਖ ਰਾਜ ਪੰਜਾਬੀ ਵਲੋਂ ਜਾਣਕਾਰੀ ਦਿੱਤੀ ਅਤੇ ਵਿੱਚ ਦੋ ਨਵੰਬਰ ਨੂੰ ਪੁਰਾਣੀ ਪੈਨਸ਼ਨ ਬਹਾਲੀ ਅਤੇ ਸੀ ਪੀ ਐਫ ਕਰਮ ਚਾਰੀ ਯੂਨੀਅਨ ਵਲੋਂ ਸਾਂਝੇ ਤੌਰ ਤੇ ਝੰਡਾ ਮਾਰਚ ਕਰਨ ਲਈ ਤਰਨ ਤਾਰਨ ਜਿਮਨੀ ਚੋਣ ਅਧਿਆਪਕਾਂ ਦੇ ਵੱਖ-ਵੱਖ ਮਸਲਿਆਂ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ। ਸਰਕਾਰ ਵੱਲੋਂ ਅਧਿਆਪਕਾਂ ਦੀਆਂ ਜਾਇਜ਼ ਤੇ ਹੱਕੀ ਮੰਗਾਂ ਵਿੱਚ ਵਾਰ ਵਾਰ ਟਾਲਮਟੋਲ ਕਰਨ ਦੀ ਨੀਤੀ ਦੀ ਨਿਖੇਧੀ ਕੀਤੀ ਗਈ ਅਧਿਆਪਕਾਂ ਦੇ ਮਸਲਿਆਂ ਅਤੇ ਮੰਗਾਂ ਦੀ ਪ੍ਰਾਪਤੀ ਲਈ ਲਗਾਤਾਰ ਅਤੇ ਬੱਝਵੇਂ ਸੰਘਰਸ਼ ਲਾਮਬੰਦ ਕਰਨ ਲਈ ਪ੍ਰੇਰਿਤ ਕੀਤਾ ਗਿਆ। ਗੋਰਮਿੰਟ ਟੀਚਰਜ਼ ਯੂਨੀਅਨ ਪੰਜਾਬ ਜਨਰਲ ਕੌਂਸਲ ਦੇ ਸਬੰਧੀ ਜੋ ਡਿਊਟੀ ਬਲਾਕ ਦੇ ਸਾਥੀਆਂ ਨੂੰ ਸੌਂਪੀ ਗਈ ਹੈ, ਉਸ ਨੂੰ ਕਾਮਯਾਬੀ ਨਾਲ ਨੇਪਰੇ ਚਾੜਨ ਲਈ ਵੱਖ ਵੱਖ ਪਹਿਲੂਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਅਮਨ ਕੁਮਾਰ, ਰੋਹਿਤ ਸੋਬਤੀ, ਰਾਜ ਕੁਮਾਰ , ਹਰਭਜਨ ਸਿੰਘ, ਬਹਾਦੁਰ ਸਿੰਘ , ਜਗਸੀਰ ਸਿੰਘ, ਸੁਸ਼ੀਲ ਕੁਮਾਰ, ਪ੍ਰਮਜੀਤ ਸੁਮਨ, ਪੁਸ਼ਪਿੰਦਰ ਕੌਰ, ਨੀਰੂ ਸ਼ਰਮਾ, ਰਾਜਦੀਪ ਕੌਰ, ਰੀਨਾ ਰਾਣੀ, ਹਰਵਿੰਦਰ ਕੌਰ, ਆਰਤੀ, ਗੁਰਪ੍ਰੀਤ ਕੌਰ, ਸਰੋਜ ਰਾਣੀ, ਸਵਰਨਜੀਤ ਕੌਰ, ਹਰਦੀਪ ਕੌਰ ਹਾਜ਼ਰ ਸਨ।





# ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਵੱਖ-ਵੱਖ ਵਿਸ਼ਿਆਂ ਦੇ ਮੇਲਿਆਂ ਦਾ ਆਯੋਜਨ

**ਫਿਲੌਰ/ਅੱਪਰਾ, 2 ਨਵੰਬਰ (ਦੀਪਾ)**-ਅੱਜ ਸਰਕਾਰੀ ਹਾਈ ਸਮਾਰਟ ਸਕੂਲ ਅੱਪਰਾ ਵਿਖੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਗਣਿਤ ਸਾਇੰਸ ਅੰਗਰੇਜੀ ਸਮਾਜਿਕ ਵਿਗਿਆਨ ਦੇ ਮੇਲਿਆਂ ਦਾ ਆਯੋਜਨ ਸਕੂਲ ਮੁਖੀ ਜਸਪਾਲ ਸੰਧੂ ਦੀ ਅਗਵਾਈ ਵਿੱਚ ਕੀਤਾ ਗਿਆ। ਇਹਨਾਂ ਮੇਲਿਆਂ ਦਾ ਉਦਘਾਟਨ ਮੁੱਖ ਮਹਿਮਾਨ ਜਗਮੇਲ ਸਿੰਘ ਸੰਧੂ (ਜਰਮਨ) ਵਿਨੈ ਕੁਮਾਰ ਬੰਗੜ ( ਸਰਪੰਚ ਅੱਪਰਾ) ਅਤੇ ਸੋਹਣ ਸਿੰਘ ਸਹੋਤਾ (ਅੱਪਰਾ ਸਵੀਟਸ ਸ਼ਾਪ) ਨੇ ਰੀਬਨ ਕੱਟ ਕੇ ਸਾਂਝੇ ਤੌਰ ਤੇ ਕੀਤਾ। ਵਿਦਿਆਰਥੀਆਂ ਨੇ ਵਿਸ਼ਾ ਮਾਹਰ ਅਧਿਆਪਕਾਂ ਦੀ ਸਹਾਇਤਾ ਨਾਲ ਆਪਣੇ ਵਿਸ਼ੇ ਨਾਲ ਸੰਬੰਧਿਤ ਵੱਖ-ਵੱਖ ਚਾਰਟ ਮਾਡਲ ਅਤੇ ਹੋਰ ਕਲਾ ਕਿਰਤਾਂ ਬਣਾ ਕੇ ਪ੍ਰਦਰਸ਼ਨ ਲਗਾਈ। ਆਏ ਹੋਏ ਸਾਰੇ ਮਹਿਮਾਨਾਂ ਨੇ



ਵਿਦਿਆਰਥੀਆਂ ਅਤੇ ਅਧਿਆਪਕਾਂ ਦੁਆਰਾ ਲਗਾਈ ਗਈ ਪ੍ਰਦਰਸ਼ਨੀ ਦੀ ਖੂਬ ਸ਼ਲਾਘਾ ਕੀਤੀ। ਸਕੂਲ ਮੁਖੀ ਅਤੇ ਆਏ ਆਏ ਹੋਏ ਮਹਿਮਾਨਾਂ ਨੇ ਇਹੋ ਜਿਹੇ ਅਯੋਜਿਤ ਮੇਲਿਆਂ ਨੂੰ ਬੱਚਿਆਂ ਦੇ ਭਵਿੱਖ ਲਈ ਲਾਹੇਵੰਦ ਦੱਸਿਆ ਅਤੇ ਆਸ ਕੀਤੀ ਹੈ ਕਿ ਇਸ ਨਾਲ ਬੱਚਿਆਂ ਦੀ ਪੜ੍ਹਾਈ ਦਾ ਪੱਧਰ ਉੱਚਾ ਉੱਠੇਗਾ। ਅੱਜ ਦੇ ਸਮਾਰੋਹ ਵਿੱਚ ਰਕੇਸ਼ ਕੁਮਾਰ ਬੱਬੂ ਆਸਟਰੇਲੀਆ, ਬੀਬੀ ਰਣਜੀਤ ਕੌਰ (ਜਰਮਨ) ਮੋਹਣ ਲਾਲ ਮੈਂਬਰ ਪੰਚਾਇਤ, ਕਮਲ ਕੁਮਾਰ, ਡਾਕਟਰ ਸੋਮਨਾਥ, ਸੁਭਾਸ਼ (ਅੱਪਰਾ), ਤਜਿੰਦਰ ਕੁਮਾਰ ਲਾਲੀ ਅੱਪਰਾ, ਮਨਦੀਪ ਸਿੰਘ, ਸ਼ਰਨਜੀਤ ਸਿੰਘ, ਅਰਵਿੰਦਰ ਸਿੰਘ, ਨੀਰੂ ਬਾਲਾ, ਨੈਂਨਸੀ ਰਾਣੀ, ਹਰਜੀਤ ਸਿੰਘ, ਪ੍ਰੋਮਿਲਾ ਦੇਵੀ, ਬਲਜੀਤ ਕੌਰ ਅਤੇ ਗੁਰਨਾਮ ਸਿੰਘ ਹਾਜ਼ਰ ਸਨ।

# ਠੇਕੇਦਾਰ ਸੁਰਜੀਤ ਭਾਟੀਆ ਗੋਲੂਮਾਜਰਾ ਮਿਲਾਪੜੇ ਸੁਭਾਅ ਅਤੇ ਲੋੜਵੰਦਾਂ ਦੇ ਮਸੀਹਾ ਸਨ

# ਸਮਾਜ ਸੇਵੀ ਠੇਕੇਦਾਰ ਸੁਰਜੀਤ ਭਾਟੀਆ ਦੀ ਘਾਟ ਇਲਾਕੇ ਨੂੰ ਹਮੇਸ਼ਾ ਹੀ ਰੜਕਦੀ ਰਹੇਗੀ

**ਭੋਗ ਤੇ ਵਿਸ਼ੇਸ਼**

ਠੇਕੇਦਾਰ ਸੁਰਜੀਤ ਭਾਟੀਆ ਗੋਲੂਮਾਜਰਾ ਦਾ ਜਨਮ ਰੋਪੜ੍ਹ ਸ਼ਹਿਰ ਵਿਖੇ ਚੋਧਰੀ ਰਾਮਨਾਥ ਭਾਟੀਆ ਦੇ ਘਰ ਮਾਤਾ ਧੰਨੋ ਦੇਵੀ ਦੀ ਕੁੱਖੋਂ 12 ਜੂਨ 1957 ਨੂੰ ਹੋਇਆ। ਉਨ੍ਹਾਂ ਨੇ ਆਪਣੀ ਮੁੱਢਲੀ ਪੜ੍ਹਾਈ ਰੋਪੜ੍ਹ ਸ਼ਹਿਰ ਦੇ ਸਕੂਲ ਅਤੇ ਪਿੰਡ ਬਾਗੋਵਾਲ ਦੇ ਸਰਕਾਰੀ ਸਕੂਲ ਤੋਂ ਮੁਕੰਮਲ ਕੀਤੀ। ਉਪਰੰਤ ਉਹ ਖੇਤੀ ਬਾੜੀ ਅਤੇ ਆਲੂਆਂ ਦੀ ਠੇਕੇਦਾਰ ਵਿਚ ਕੰਮ ਕਰਨ ਲੱਗ ਪਏ ਹੋਲੀ ਹੋਲੀ ਆਪਣੀ ਮਿਹਨਤ ਨਾਲ ਉਨ੍ਹਾਂ ਨੇ ਕਾਠਗੜ੍ਹ ਵਿਖੇ ਵੱਡਾ ਫਾਰਮ ਹਾਊਸ ਬਣਾ ਖਰੀਦੀ ਜਮੀਨ ਨੂੰ ਵਾਹੀ ਯੋਗ ਬਣਾਉਣ ਲਈ ਦਿਨ ਰਾਤ ਮਿਹਨਤ ਕਰਕੇ ਉਸ ਨੂੰ ਉਪਜਾਊ ਬਣਾਈਆਂ ਅਤੇ ਉੱਥੇ ਲੱਕੜ ਦੀ ਠੇਕੇਦਾਰ ਦਾ ਕੰਮ ਸ਼ੁਰੂ ਕਰਕੇ ਸਾਫ ਸੁਥਰਾ ਵਜਣ ਕਰਦਿਆ ਆਪਣੇ ਲੱਕੜ ਦੇ ਕਾਰੋਬਾਰ ਨੂੰ ਬੁਲੰਦੀਆਂ ਤੇ ਪਹੁੰਚਾ ਕੇ ਇਲਾਕੇ ਵਿਚ ਆਪਣੀ ਵਧੀਆ ਪੈਂਠ ਬਣਾਕੇ ਆਪਣੇ ਪਿੰਡ ਗੋਲੂਮਾਜਰਾ ਅਤੇ ਇਲਾਕੇ ਦਾ ਨਾਮ ਰੌਸ਼ਨ ਕੀਤਾ ਉਹੀ ਵੀ ਗਰੀਬੀ ਦੇ ਮਸੀਹਾ ਸਨ ਅਤੇ ਸਮੇਂ ਸਮੇਂ ਸਿਰ ਹਰੇਕ ਲੋੜਵੰਦ ਦੀ ਸਹਾਇਤਾ ਕਰਕੇ ਗਰੀਬ ਲੋਕਾਂ ਦੀ ਮਦਦ ਕਰਦੇ ਸਨ। ਉਨ੍ਹਾਂ ਨੇ ਚਾਰ ਕੁ ਮਹੀਨੇ ਪਹਿਲਾਂ ਉਨਾਂ ਨੂੰ ਹਾਸਟ ਦੀ



ਤਕਲੀਫ ਹੋਈ ਜਿਸ ਤੇ ਉਨ੍ਹਾਂ ਦੇ ਦੋਹਾਂ ਸਪੁੱਤਰਾਂ ਅਤੇ ਪਿੰਡ ਵਾਸੀਆਂ ਉਨ੍ਹਾਂ ਨੂੰ ਤਰੁੰਤ ਲਿਵਾਸਾ ਹਸਪਤਾਲ ਮੋਹਾਲੀ ਵਿਖੇ ਦਾਖਲ ਕਰਵਾ ਦਿੱਤਾ ਜਿੱਥੇ ਉੱਥੇ ਦੇ ਹਾਰਟ ਦੀਆਂ ਨਾੜੀਆਂ ਵਿਚ ਡਾਕਟਰਾਂ ਵਲੋਂ ਸਟੰਟ ਪਾਏ ਗਏ ਅਤੇ ਉਹ ਆਪਣੇ ਘਰ ਆ ਗਏ ਅਤੇ ਅਚਾਨਕ ਹੀ ਉਨ੍ਹਾਂ ਦੇ 17 ਅਕਤੂਬਰ ਨੂੰ ਫਿਰ ਦੁਬ-ਾਰਾ ਦਿਲ ਦੀ ਤਕਲੀਫ ਹੋਈ ਅਤੇ ਉਨ੍ਹਾਂ ਨੂੰ ਪੀ ਜੀ ਆਈ ਦਾਖਲ ਕਰਵਾਇਆ ਗਿਆ ਪਰ ਹਸਤਪਾਲ ਦੇ ਮਾਹਿਰ ਡਾਕਟਰ ਉਨ੍ਹਾਂ ਦੇ ਸਵਾਸਾਂ ਵਿਚ ਵਾਧਾ ਕਰਨ ਲਈ ਕਾਮਯਾਬ ਨਾ ਹੋ ਸਕੇ ਅਤੇ ਠੇਕੇਦਾਰ ਸੁਰਜੀਤ ਭਾਟੀਆ ਗੋਲੂਮਾਜਰਾ 19 ਅਕਤੂਬਰ ਨੂੰ ਸਦੀਵੀਂ ਵਿਛੋੜਾ ਦੇ ਗਏ। ਉਹ ਆਪਣੇ ਪਿਛੇ ਆਪਣੀ ਪਤਨੀ ਸਤਿਆ ਦੇਵੀ ਪੁੱਤਰ ਜਸਪਾਲ ਭਾਟੀਆ ਨੰਬਰਦਾਰ, ਹਰਿੰਦਰਜੀਤ ਭਾਟੀਆ, ਹਰਦੀਪ ਭਾਟੀਆ ਭਤੀਜਾ,ਜਸਵਿੰਦਰ ਕੋਰ, ਮਮਤਾ ਚੋਧਰੀ ਧੀਆਂ ਨੂੰ ਛੱਡ ਗਏ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਸ਼੍ਰੀ ਰਮਾਇਣ ਪਾਠ ਜੀ ਦੇ ਭੋਗ 3/11 /25 ਨੂੰ ਬਾਅਦ ਦੁਪਹਿਰ ਭਾਟੀਆ ਫਾਰਮ ਹਾਊਸ ਕਾਠਗੜ੍ਹ ਤਹਿਸੀਲ ਬਲਾਚੌਰ ਵਿਖੇ ਸੁਆਮੀ ਦਿਆਲ ਮਹਾਰਾਜ ਜੀ ਦੀ ਸਰਪ੍ਰਸਤੀ ਹੇਠ ਪਾਏ ਜਾਣਗੇ।

**ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਨਵਾਂਸ਼ਹਿਰ**

## 'ਪੰਜਾਬ ਦਿਵਸ" ਵਾਲੇ ਦਿਨ ਕੇਂਦਰ ਸਰਕਾਰ ਦਾ ਪੰਜਾਬ ਨੂੰ ਦਿੱਤਾ ਤੋਹਫ਼ਾ ਅਤੇ ਮੌਜੂਦਾ ਪੰਜਾਬ ਸਰਕਾਰ ਦੀ ਬੇਰੁੱਖੀ-ਅਜੇ ਮੰਗੂਪੁਰ ਜ਼ਿਲ੍ਹਾ ਪ੍ਰਧਾਨ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਕੇਂਦਰ ਸਰਕਾਰ ਵੱਲੋਂ ਪੰਜਾਬ ਯੂਨੀਵਰਸਿਟੀ ਦੀ ਚੁਣੀ ਹੋਈ ਸੈਨੇਟ ਤੇ ਸਿੰਡਿਕੇਟ ਨੂੰ ਖਤਮ ਕਰਕੇ, ਨਵੇਂ ਨੋਟੀਫਿਕੇਸ਼ਨ ਰਾਹੀਂ ਨਾਮਜ਼ਦ ਨੁਮਾਇੰਦੇ ਲਾਉਣ ਦੀ ਨੀਤੀ ਬਹੁਤ ਹੀ ਨਿੰਦਣਯੋਗ ਕਦਮ ਹੈ। ਇਹ ਸਿਰਫ਼ ਇੱਕ ਸਿੱਖਿਆ ਸੰਸਥਾ 'ਤੇ ਹਮਲਾ ਨਹੀਂ, ਸਗੋਂ ਇਹ ਪੰਜਾਬ ਦੀ ਆਵਾਜ਼, ਸਾਡੇ ਹੱਕਾਂ ਅਤੇ ਸਾਡੇ ਵਿਦਿਅਕ ਅਜ਼ਾਦੀ ਤੇ ਹਮਲਾ ਹੈ। ਪੰਜਾਬ ਯੂਨੀਵਰਸਿਟੀ ਹਮੇਸ਼ਾ ਪੰਜਾਬ ਦੇ ਲੋਕਾਂ, ਅਧਿਆਪਕਾਂ, ਕਰਮਚਾਰੀਆਂ ਅਤੇ ਵਿਦਿਆਰਥੀਆਂ ਦੀ ਰਹੀ ਹੈ। ਇਸਦੀ ਚੁਣੀ ਹੋਈ ਪ੍ਰਣਾਲੀ ਨੂੰ ਖਤਮ ਕਰਨਾ ਲੋਕਤੰਤਰ ਮਰਿਆਦਾਵਾਂ ਦਾ ਘਾਣ ਹੈ। ਅਫ਼ਸੋਸ ਦੀ ਗੱਲ ਹੈ ਕਿ ਕੇਂਦਰ ਸਰਕਾਰ ਪੰਜਾਬ ਦੇ ਹੱਕਾਂ ਤੇ ਲਗਾਤਾਰ ਡਾਕੇ ਮਾਰ ਰਹੀ ਹੈ ਅਤੇ ਪੰਜਾਬ ਦੀ ਭਗਵੰਤ ਮਾਨ ਸਰਕਾਰ ਚੁਟਕਲਿਆਂ ਦੇ ਸਹਾਰੇ ਡੰਗ ਟਪਾ ਰਹੀ ਹੈ। ਉਨ੍ਹਾਂ ਕਿਹਾ ਕਿ ਕੇਂਦਰੀ ਭਾਜਪਾ ਸਰਕਾਰ ਦਾ ਉਦੇਸ਼ ਆਰਐਸਐਸ ਰਾਹੀਂ ਸਿੱਖਿਆ ਪ੍ਰਣਾਲੀ ਨੂੰ ਕੰਟਰੋਲ ਕਰਨਾ ਹੈ। ਪੰਜਾਬ ਯੂਨੀਵਰਸਿਟੀ ਸੈਨੇਟ ਭੰਗ ਕਰਨਾ ਇਸੇ ਦਾ ਹਿੱਸਾ ਹੈ, ਜੋ ਕਿ ਪੂਰੀ ਤਰ੍ਹਾਂ ਗੈਰ-ਸੰਵਿਧਾਨਕ ਹੈ। ਅਜੇ ਮੰਗੂਪੁਰ ਨੇ ਕਿਹਾ ਕਿ ਇਸ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਕਾਂਗਰਸ ਚੁੱਪ ਨਹੀਂ ਰਹੇਗੀ ਅਤੇ ਜਲਦੀ ਹੀ ਇਸ ਵਿਰੁੱਧ ਅੰਦੋਲਨ ਸ਼ੁਰੂ ਕਰੇਗੀ।



## ਨੈਸ਼ਨਲ ਹਾਈਵੇ ਤੇ ਸਟਰੀਟ ਲਾਈਟਾਂ ਬੰਦ ਹੋਣ ਕਾਰਨ ਲੋਕ ਡਾਢੇਂ ਪ੍ਰੇਸ਼ਾਨ

**ਨਵਾਂਸ਼ਹਿਰ /ਕਾਠਗੜ੍ਹ 2 ਨਵੰਬਰ (ਜਤਿੰਦਰ ਪਾਲ ਸਿੰਘ ਕਲੇਰ )** ਨੈਸ਼ਨਲ ਹਾਈਵੇ 344 ਏ ਜੋ ਰੋਪੜ੍ਹ ਤੋਂ ਫਗਵਾੜਾ ਤੱਕ ਜਾਂਦਾ ਹੈ ਇਸ ਰੋਡ ਉੱਤੇ ਇਸ ਨੈਸ਼ਨਲ ਹਾਈਵੇ ਤੇ ਪਿੰਡ ਰੈਲਮਾਜਰਾ ਤੋਂ ਲੈ ਕੇ ਕਾਠਗੜ੍ਹ ਮੋੜ ਤੱਕ ਨੈਸ਼ਨਲ ਹਾਈਵੇ ਵਲੋਂ ਲਗਾਇਆ ਗਈਆਂ ਸਟਰੀਟ ਲਾਇਟਾਂ ਹਮੇਸ਼ਾ ਹੀ ਬੰਦ ਰਹਿੰਦੀਆਂ ਹਨ। ਜਿਸ ਕਰਕੇ ਰਾਤ ਸਮੇਂ ਇਸ ਰੋਡ ਤੇ ਚਲਣ ਵਾਲੇ ਵਾਹਨ ਚਾਲਕਾਂ ਅਤੇ ਸਾਈਕਲ ਚਾਲਕਾਂ ਨੂੰ ਜੋ ਇਸ ਇਲਾਕੇ ਦੇ ਸਨਅਤੀ ਖੇਤਰ ਦੀਆਂ ਵੱਖ ਵੱਖ ਫੈਕਟਰੀਆਂ ਵਿਚ ਕੰਮ ਕਰਦੇ ਹਨ। ਉਨ੍ਹਾਂ ਨੂੰ ਆਉਣ ਜਾਣ ਵਿਚ ਭਾਰੀ ਦੁਸ਼ਵਾਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਇਲਾਕੇ ਦੀਆਂ ਗ੍ਰਾਮ ਪੰਚਾਇਤਾਂ ਅਤੇ ਆਮ ਲੋਕਾਂ ਨੇ ਨੈਸ਼ਨਲ ਹਾਈਵੇ ਅਥਾਰਟੀ ਦੇ ਉੱਚ ਅਧਿਕਾਰੀਆਂ ਪੁਰਜ਼ੋਰ ਸ਼ਬਦਾਂ ਵਿਚ ਮੰਗ ਕੀਤੀ ਹੈ ਕਿ ਸਟਰੀਟ ਲਾਈਟਾਂ ਨੂੰ ਜਲਦੀ ਠੀਕ ਕਰਵਾ ਕੇ ਲੋਕਾਂ ਦੀ ਮੁੱਖ ਮੁਸ਼ਕਿਲ ਹੱਲ ਕੀਤੀ ਜਾਵੇ।





# 986 ਮਲਟੀ ਪਰਪਸ ਹੈਲਥ ਵਰਕਰ ਫੀਮੇਲ ਦੀ ਭਰਤੀ ਪ੍ਰਕਿਰਿਆ ਪੂਰੀ ਹੋਣ ਤੇ ਮਾਨ ਸਰਕਾਰ ਦਾ ਕੀਤਾ ਧੰਨਵਾਦ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਸਰਕਾਰ ਦੁਆਰਾ 2023 ਵਿੱਚ ਮਲਟੀ ਪਰਪਸ ਹੈਲਥ ਵਰਕਰ ਫੀਮੇਲ ਦੀਆਂ 986 ਪੋਸਟਾਂ ਕੱਢੀਆਂ ਗਈਆਂ ਸਨ ਹੌਲੀ ਹੌਲੀ ਕਰਕੇ ਸਭ ਨੂੰ ਆਰਡਰ ਦਿੱਤੇ ਗਏ ਕੱਲ 1 ਨਵੰਬਰ 2025 ਨੂੰ ਰਹਿੰਦੇ ਆਰਡਰ ਵੀ ਦਿੱਤੇ ਗਏ ਕੱਲ ਇ ਨਵੰਬਰ 2025 ਨੂੰ ਮਲਟੀ ਪਰਪਸ ਹੈਲਥ ਵਰਕਰ ਫੀਮੇਲ ਦੀ ਭਰਤੀ ਪ੍ਰਕਿਰਿਆ ਮੁਕੰਮਲ ਹੋਈ ਇਸ ਸ਼ੁਭ ਮੌਕੇ ਤੇ ਪੰਜਾਬ ਪ੍ਰਧਾਨ ਮਨੋਵਰ ਜਹਾਂ ਨੇ ਮੁੱਖ ਮੰਤਰੀ ਪੰਜਾਬ ਸਰਦਾਰ ਭਗਵੰਤ ਸਿੰਘ ਮਾਨ ਅਤੇ ਸਿਹਤ ਮੰਤਰੀ ਬਲਵੀਰ ਸਿੰਘ ਜੀ ਦਾ ਦਿਲੋਂ ਧੰਨਵਾਦ ਕੀਤਾ ਜਿਨਾਂ ਨੇ ਇਸ ਭਰਤੀ ਪ੍ਰਕਿਰਿਆ ਨੂੰ ਪੂਰਾ ਕੀਤਾ ਮਾਨ ਸਰਕਾਰ ਨੇ ਇਸ ਭਰਤੀ ਪ੍ਰਕਿਰਿਆ ਵਿੱਚ ਬਹੁਤ ਹੀ ਸੁਚੱਜੇ ਢੰਗ ਨਾਲ ਕੁੜੀਆਂ ਨੂੰ ਆਰਡਰ ਦਿੱਤੇ ਪੰਜਾਬ ਪੰਜਾਬ ਸਰਕਾਰ ਨੇ ਇਸ ਭਰਤੀ ਪ੍ਰਕਿਰਿਆ ਵਿੱਚ ਪੰਜਾਬ ਵਿੱਚ ਜਿਨਾਂ ਕੁੜੀਆਂ ਨੇ ਕੋਰਸ ਕੀਤਾ ਹੈ ਕੁੜੀਆਂ ਨੂੰ ਹੀ ਆਰਡਰ ਦਿੱਤੇ ਹਨ ਬਾਹਰਲੇ ਕਿਸੇ ਵੀ





ਸੂਬੇ ਦੀ ਕੁੜੀ ਨੂੰ ਆਰਡਰ ਨਹੀਂ ਦਿੱਤੇ ਜਿਸ ਨਾਲ ਪੰਜਾਬ ਦੀਆਂ ਨਰਸਾਂ ਪੰਜਾਬ ਵਿੱਚ ਰਹਿ ਕੇ ਪੰਜਾਬ ਦੇ ਲੋਕਾਂ ਦੀ ਸੇਵਾ ਕਰਨ ਗਿਆ ਮਾਨ ਸਰਕਾਰ ਨੇ ਉਹਨਾਂ ਕੁੜੀਆਂ ਨੂੰ ਵੀ ਮੌਕਾ ਦਿੱਤਾ ਜੋ ਕਿ ਓਵਰਏਜ ਹੋ ਚੁੱਕੀਆਂ ਸਨ ਕੱਲ ਦਾ ਦਿਨ ਬਹੁਤ ਹੀ ਵਧਾਈ ਵਾਲਾ ਦਿਨ ਸੀ ਪੰਜਾਬ ਪ੍ਰਧਾਨ ਅਤੇ ਜਿਲਾ ਪ੍ਰਧਾਨ ਮਮਤਾ ਰਾਣੀ ਵੱਲੋਂ ਮਾਨ ਸਰਕਾਰ ਦਾ ਦਿਲੋਂ ਧੰਨਵਾਦ ਕੀਤਾ ਗਿਆ।

# ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਨੂੰ ਸਦਮਾ ਚਾਚੇ ਦਾ ਨੌਜਵਾਨ ਪੁੱਤਰ ਸਵਰਗਵਾਸ

**ਨਵਾਂਸ਼ਹਿਰ /ਕਾਠਗੜ੍ਹ 2 ਨਵੰਬਰ (ਜਤਿੰਦਰ ਪਾਲ ਸਿੰਘ ਕਲੇਰ )** ਜ਼ਿਲ੍ਹਾਂ ਸ਼ਹੀਦ ਭਗਤ ਸਿੰਘ ਨਗਰ ਦੇ ਸੀਨੀਅਰ ਪੱਤਰਕਾਰ ਜਤਿੰਦਰ ਪਾਲ ਸਿੰਘ ਕਲੇਰ ਨੂੰ ਬੀਤੀ ਰਾਤ ਉਦੋਂ ਗਹਿਰਾ ਸਦਮਾ ਪੁੱਜੀਆਂ ਜਦੋਂ ਉਨ੍ਹਾਂ ਦੇ ਸਕੇ ਚਾਚੇ ਸਵਰਗੀ ਹਰਸੂਰਤ ਸਿੰਘ ਕਲੇਰ ਦਾ ਛੋਟਾ ਲੜਕਾ ਰਾਜਵੀਰ ਸਿੰਘ ਕਲੇਰ ਉਰਫ ਰਾਜੂ (46) ਪਿੰਡ ਕਮਾਲਪੁਰ ਦੀ ਬੀਤੀ ਰਾਤ ਅਚਾਨਕ ਮੌਤ ਹੋ ਗਈ। ਜਿਸ ਕਾਰਨ ਪਿੰਡ ਕਮਾਲਪੁਰ ਵਿਚ ਸੋਗ ਦੀ ਲਹਿਰ ਫੈਲ ਗਈ। ਰਾਜਵੀਰ ਸਿੰਘ ਕਲੇਰ ਆਪਣੇ ਪਿੱਛੇ ਪਤਨੀ ਅਤੇ 2 ਪੁੱਤਰ ਛੱਡ ਗਿਆ ਹੈ। ਅੱਜ ਉਸ ਦਾ ਅੰਤਿਮ ਸੰਸਕਾਰ ਅੱਜ ਕਮਾਲਪੁਰ ਦੇ ਸ਼ਮਸਾਨ ਘਾਟ ਵਿਚ





ਕਰ ਦਿੱਤਾ ਗਿਆ। ਉਸ ਚਿਖਾ ਨੂੰ ਅਗਨੀ ਉਨ੍ਹਾਂ ਦੇ ਛੋਟੇ ਬੇਟੇ ਹਰਜੋਤ ਸਿੰਘ ਕਲੇਰ ਅਤੇ ਸੁੱਖਮਨ ਜੋਤ ਸਿੰਘ ਕਲੇਰ ਨੇ ਦਿੱਤੀ ਇਸ ਮੌਕੇ ਇਸ ਮੌਕੇ ਜਸਵੀਰ ਸਿੰਘ ਘੁੰਮਣ ਸਰਪੰਚ , ਗੁਰਵਿੰਦਰ ਸਿੰਘ ਮੱਲ੍ਹੀ, ਗੁਰਮੁੱਖ ਸਿੰਘ ਮੱਲ੍ਹੀ, ਗੁਰਮੇਲ ਸਿੰਘ ਮੱਲ੍ਹੀ ਸਰਪੰਚ, ਹਰਬੰਸ ਮੱਲ੍ਹੀ, ਗੁਰਨਾਮ ਸਿੰਘ ਮੱਲ੍ਹੀ, ਨਰੰਜਣ ਸਿੰਘ ਮੱਲ੍ਹੀ, ਸਤਨਾਮ ਸਿੰਘ ਮੱਲ੍ਹੀ, ਮੇਜਰ ਸਿੰਘ ਅਜ਼ਾਦ, ਬਾਬਾ ਲਖਵਿੰਦਰ ਸਿੰਘ, ਸੁਰਿੰਦਰ ਸਿੰਘ ਕਲੇਰ, ਦਲਵਿੰਦਰ ਸਿੰਘ ਕਲੇਰ, ਜਰਨੈਲ ਸਿੰਘ ਕਲੇਰ, ਸੁੱਖਮਨ ਸਿੰਘ ਕਲੇਰ, ਅਮਰੀਕ ਸਿੰਘ ਮੱਲ੍ਹੀ, ਹਰਸਿਮਰਨ ਜੋਤ ਸਿੰਘ ਕਲੇਰ, ਜਤਿੰਦਰ ਪਾਲ ਸਿੰਘ ਕਲੇਰ, ਗੁਰਨਾਮ,ਕੁਲਵਿੰਦਰ ਸਿੰਘ ਮੱਲ੍ਹੀ,ਸੁਖਪਾਲ ਸਿੰਘ, ਜਰਨੈਲ ਸਿੰਘ ਕਲੇਰ, ਹਰਦੀਪ ਸਿੰਘ ਮੱਲ੍ਹੀ ਸਮੇਤ ਸਮੂਹ ਨਗਰ ਨਿਵਾਸੀ ਅਤੇ ਰਿਸ਼ਤੇਦਾਰ ਮਿੱਤਰ ਸੱਜਣ ਅਤੇ ਇਲਾਕਾ ਨਿਵਾਸੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਤਰਨਤਾਰਨ ਵਿਖੇ ਕੈਬਨਿਟ ਮੰਤਰੀ ਬਰਿੰਦਰ ਗੋਇਲ ਤੇ ਸੀਨੀਅਰ ਆਗੂ ਅਸ਼ੋਕ ਕਟਾਰੀਆ ਨੇ ਕੀਤਾ ਚੁਣਾਵ ਪ੍ਰਚਾਰ

**ਬਲਾਚੌਰ, (ਜਤਿੰਦਰ ਪਾਲ ਸਿੰਘ ਕਲੇਰ )** ਕੈਬਨਿਟ ਮੰਤਰੀ ਬਰਿੰਦਰ ਗੋਇਲ ਦੀ ਅਗਵਾਈ ਹੇਠ ਅੱਜ ਸੀਨੀਅਰ ਆਗੂ ਆਮ ਆਦਮੀ ਪਾਰਟੀ ਅਸ਼ੋਕ ਕਟਾਰੀਆ ਜੀ ਆਪਣੀ ਟੀਮ ਨਾਲ ਅੱਜ ਹਲਕਾ ਤਰਨਤਾਰਨ ਦੇ ਪਿੰਡ ਕੋਟ ਧਰਮ ਚੰਦ ਖੁਰਦ ਵਿੱਚ ਪਹੁੰਚੇ।ਇੱਥੇ ਪਿੰਡ ਵਾਸੀਆਂ ਨਾਲ ਮਿਲ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਵਿਕਾਸ ਕਾਰਜਾਂ ਬਾਰੇ ਵਿਚਾਰ-ਵਟਾਂਦਰਾ ਕੀਤਾ।ਆਮ ਆਦਮੀ ਪਾਰਟੀ ਹਮੇਸ਼ਾ ਲੋਕਾਂ ਦੀਆਂ ਆਵਾਜ਼ਾਂ ਸੁਣਣ ਅਤੇ ਉਨ੍ਹਾਂ ਨੂੰ ਹੱਲ ਕਰਨ ਲਈ ਵਚਨਬੱਧ ਹੈ। ਲੋਕਾਂ ਨਾਲ ਜੁੜਨਾ ਹੀ ਸਾਡੀ ਤਾਕਤ ਹੈ, ਅਤੇ ਹਰ ਪਿੰਡ ਦਾ ਵਿਕਾਸ ਸਾਡਾ ਮਕਸਦ ਹੈ। ਅਸ਼ੋਕ ਕਟਾਰੀਆ ਨੇ ਵੋਟਰਾਂ ਨੂੰ ਸੰਬੋਧਨ ਕਰਦਿਆਂ ਪੰਜਾਬ ਵਿੱਚ 'ਆਪ' ਸਰਕਾਰ ਵੱਲੋਂ ਸਿੱਖਿਆ, ਸਿਹਤ, ਅਤੇ ਬਿਜਲੀ ਦੇ ਖੇਤਰ ਵਿੱਚ ਕੀਤੇ ਗਏ ਸੁਧਾਰਾਂ ਬਾਰੇ



ਦੱਸਿਆ। ਉਨ੍ਹਾਂ ਨੇ ਵਿਰੋਧੀ ਪਾਰਟੀਆਂ ਨੂੰ ਨਿਸ਼ਾਨਾ ਬਣਾਉਂਦਿਆਂ ਕਿਹਾ ਕਿ ਪਿਛਲੀਆਂ ਸਰਕਾਰਾਂ ਨੇ ਤਰਨਤਾਰਨ ਦੇ ਵਿਕਾਸ ਨੂੰ ਅਣਗੌਲਿਆ ਕੀਤਾ ਹੈ, ਜਿਸ ਕਾਰਨ ਇੱਥੋਂ ਦੇ ਨੌਜਵਾਨਾਂ ਨੂੰ ਬੇਰੁਜ਼ਗਾਰੀ ਅਤੇ ਨਸ਼ਿਆਂ ਵਰਗੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਕਿਹਾ "ਆਮ ਆਦਮੀ ਪਾਰਟੀ ਦੀ ਸਰਕਾਰ ਦਾ ਮੁੱਖ ਮਕਸਦ ਸੂਬੇ ਦੇ ਹਰ ਵਰਗ ਤੱਕ ਸਰਕਾਰੀ ਸਹੂਲਤਾਂ ਪਹੁੰਚਾਉਣਾ ਹੈ। ਅਸੀਂ ਤਰਨ-ਤਾਰਨ ਨੂੰ ਨਸ਼ਾ ਮੁਕਤ ਬਣਾਉਣ, ਸਥਾਨਕ ਸੜਕਾਂ ਦੀ ਹਾਲਤ ਸੁਧਾਰਨ ਅਤੇ ਨੌਜਵਾਨਾਂ ਲਈ ਰੁਜ਼ਗਾਰ ਦੇ ਮੌਕੇ ਪੈਦਾ ਕਰਨ ਲਈ ਵਚਨਬੱਧ ਹਾਂ। ਡੋਰ-ਟੂ-ਡੋਰ ਮੁਹਿੰਮ ਦੌਰਾਨ ਕਟਾਰੀਆ ਨੂੰ ਲੋਕਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਬਜ਼ੁਰਗਾਂ ਅਤੇ ਔਰਤਾਂ ਨੇ ਉਨ੍ਹਾਂ ਨਾਲ ਖੁੱਲ੍ਹ ਕੇ ਗੱਲਬਾਤ ਕੀਤੀ ਅਤੇ ਪਾਣੀ, ਸੀਵਰੇਜ ਅਤੇ ਸਫਾਈ ਨਾਲ ਸਬੰਧਤ ਸਥਾਨਕ ਮੁੱਦੇ ਉਠਾਏ। ਕਟਾਰੀਆ ਨੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਜਲਦੀ ਹੀ ਇਨ੍ਹਾਂ ਸਮੱਸਿਆਵਾਂ ਦਾ ਹੱਲ ਕੀਤਾ ਜਾਵੇਗਾ। ਉਨ੍ਹਾਂ ਪਾਰਟੀ ਦੇ ਚੋਣ ਨਿਸ਼ਾਨ 'ਝਾੜੂ' ਦੇ ਹੱਕ ਵਿੱਚ ਵੋਟ ਪਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਦੀ ਰਾਜਨੀਤੀ ਵਿੱਚੋਂ ਰਵਾਇਤੀ ਪਾਰਟੀਆਂ ਦੀ ਗੰਦਗੀ ਨੂੰ ਸਾਫ ਕੀਤਾ ਜਾਵੇ। ਇਸ ਮੌਕੇ ਕੈਬਨਿਟ ਮੰਤਰੀ ਬੀਰਿੰਦਰ ਗੋਇਲ,ਬਲਾਕ ਪ੍ਰਧਾਨ ਰਨਵੀਰ ਸਿੰਘ ਜੱਟ ਪੁਰ ਅਤੇ ਹਰਪਾਲ ਸਿੰਘ ਸਾਬਕਾ ਬਲਾਕ ਸੰਮਤੀ ਮੈਂਬਰ ਅਤੇ ਕਮਲੇਸ਼ ਚੌਧਰੀ ਆਦਿ ਹਾਜਰ ਸਨ ।

# ਕਾਸ਼! ਕੋਈ ਸਿਆਣਾ ਗਧਾ (ਭੁੱਲੜ) ਵਕਤ ਰਹਿੰਦੇ ਸਮਝ ਜਾਵੇ, ਤਾਂ ਕਿ ਕੋਈ ਅੱਖ ਮਿਲਾਉਣ ਵਾਲਾ ਰਹਿ ਜਾਵੇ॥

ਰਿਟਾਇਰਮੈਂਟ ਤੋਂ ਬਾਅਦ IAS ਨੂੰ ਅਹਿਸਾਸ ਹੋਇਆ ਕਿ ਉਹ ਇਕ ਗਧਾ ਸੀ ਦਿਵਾਲੀ ਤੋਂ ਇੱਕ ਹਫ਼ਤਾ ਪਹਿਲਾਂ, ਲੋਕ ਤਰ੍ਹਾਂ-ਤਰ੍ਹਾਂ ਦੇ ਤੋਹਫ਼ੇ ਲੈ ਕੇ ਆਉਣੇ ਸ਼ੁਰੂ ਕਰ ਦਿੰਦੇ ਸਨ।

ਤੋਹਫ਼ੇ ਇੰਨੇ ਹੋ ਜਾਂਦੇ ਸਨ ਕਿ ਜਿਸ ਕਮਰੇ ਵਿੱਚ ਅਸੀਂ ਸਾਰਾ ਸਮਾਨ ਰੱਖਦੇ ਸਨ, ਉਹ ਕਿਸੇ ਤੋਹਫ਼ਿਆਂ ਦੀ ਦੁਕਾਨ ਵਰਗਾ ਲੱਗਦਾ ਸੀ।

ਸੁੱਕੇ ਮੇਵੇ ਇੰਨੇ ਜ਼ਿਆਦਾ ਹੋ ਜਾਂਦੇ ਸਨ ਕਿ ਰਿਸ਼ਤੇਦਾਰਾਂ ਤੇ ਦੋਸਤਾਂ ਵਿੱਚ ਵੰਡਣ ਤੋਂ ਬਾਅਦ ਵੀ ਬਹੁਤ ਬਚ ਜਾਂਦੇ ਸਨ। ਪਰ ਇਸ ਵਾਰੀ ਦੁਪਹਿਰ ਦੇ 2 ਵੱਜ ਚੁੱਕੇ ਸਨ ਤੇ ਕੋਈ ਵੀ ਸਾਨੂੰ ਦਿਵਾਲੀ ਦੀ ਵਧਾਈ ਦੇਣ ਨਹੀਂ ਆਇਆ ਸੀ।

ਮੈਂ ਇਸ ਤਕਦੀਰ ਦੇ ਉਲਟਫੇਰ ਨਾਲ ਬਹੁਤ ਉਦਾਸ ਮਹਿਸੂਸ ਕਰ ਰਿਹਾ ਸੀ। ਇਸ ਸੋਚ ਤੋਂ ਬਚਣ ਲਈ ਮੈਂ ਅਖ਼ਬਾਰ ਦਾ ਆਧਿਆਤਮਿਕ ਕਾਲਮ ਪੜ੍ਹਨਾ ਸ਼ੁਰੂ ਕੀਤਾ। ਖ਼ੁਸ਼ਕਿਸਮਤੀ ਨਾਲ ਮੈਨੂੰ ਇੱਕ ਦਿਲਚਸਪ ਕਹਾਣੀ ਮਿਲੀ। ਇਹ ਇੱਕ ਗਧੇ ਬਾਰੇ ਸੀ। ਉਹ ਗਧਾ ਦੇਵੀ-ਦੇਵਤਿਆਂ ਦੀਆਂ ਮੂਰਤੀਆਂ ਆਪਣੀ ਪਿੱਠ ਉੱਤੇ ਚੁੱਕ ਕੇ ਪੂਜਾ ਸਮਾਰੋਹ ਲਈ ਲੈ ਜਾ ਰਿਹਾ ਸੀ। ਰਸਤੇ ਵਿੱਚ ਜਦੋਂ ਉਹ ਪਿੰਡਾਂ ਵਿੱਚੋਂ ਲੰਘਦਾ, ਲੋਕ ਮੂਰਤੀਆਂ ਅੱਗੇ ਸਿਰ ਝੁਕਾਉਂਦੇ।

ਹਰ ਪਿੰਡ ਵਿੱਚ ਭਗਤੀ ਭਾਵ ਨਾਲ ਭੀੜ ਇਕੱਠੀ ਹੋ ਜਾਂਦੀ। ਗਧੇ ਨੂੰ ਲੱਗਣ ਲੱਗਾ ਕਿ ਪਿੰਡ ਵਾਲੇ ਉਸਨੂੰ ਪ੍ਰਣਾਮ ਕਰ ਰਹੇ ਹਨ। ਉਹ ਗਰੂਰ ਤੇ ਮਾਣ ਨਾਲ ਭਰ ਗਿਆ। ਜਦੋਂ ਮੂਰਤੀਆਂ ਪੂਜਾ ਸਥਾਨ ਤੇ ਛੱਡ ਦਿੱਤੀਆਂ ਗਈਆਂ, ਤਾਂ ਮਾਲਕ ਨੇ ਗਧੇ ਉੱਤੇ ਸਬਜ਼ੀਆਂ ਲਾਦ ਦਿੱਤੀਆਂ ਅਤੇ ਵਾਪਸੀ ਲਈ ਚੱਲ ਪਿਆ। ਇਸ ਵਾਰੀ ਕਿਸੇ ਨੇ ਉਸ ਵੱਲ ਧਿਆਨ ਹੀ ਨਹੀਂ ਦਿੱਤਾ। ਉਹ ਅਣਜਾਣ ਜਾਨਵਰ ਇੰਨਾ ਨਿਰਾਸ਼ ਹੋ ਗਿਆ ਕਿ ਪਿੰਡ ਵਾਲਿਆਂ ਦਾ ਧਿਆਨ ਖਿੱਚਣ ਲਈ ਵਾਰ-ਵਾਰ ਰੈਂਕਣ ਲੱਗ ਪਿਆ। ਸ਼ੋਰ ਨਾਲ ਲੋਕ ਚਿੜ੍ਹ ਗਏ ਅਤੇ ਉਸ ਬੇਚਾਰੇ ਜਾਨਵਰ ਨੂੰ ਮਾਰਨ ਲੱਗ ਪਏ। ਉਸਨੂੰ ਇਹ ਅੰਦਾਜ਼ਾ ਵੀ ਨਹੀਂ ਸੀ ਕਿ ਉਸ ਨੇ ਕੀ ਕੀਤਾ ਜੋ ਉਸ ਨਾਲ ਇੰਨਾ ਕਠੋਰ ਵਤੀਰਾ ਹੋ ਰਿਹਾ ਸੀ। ਅਚਾਨਕ ਮੈਨੂੰ ਬੋਧ ਹੋਇਆ ਕਿ ਮੈਂ ਵੀ ਉਸ ਗਧੇ ਵਰਗਾ ਹੀ ਸੀ। ਸਨਮਾਨ ਤੇ ਆਦਰ ਦੇ ਉਹ ਸਾਰੇ ਤੋਹਫ਼ੇ ਮੇਰੇ ਲਈ ਨਹੀਂ ਸਨ, ਸਗੋਂ ਮੇਰੇ ਉੱਤੇ ਲਦੀਆਂ "ਮੂਰਤੀਆਂ" ਲਈ ਸਨ — ਮੇਰੇ ਅਹੁਦੇ ਲਈ। ਜਦ ਮੈਨੂੰ ਇਹ ਸੱਚਾਈ ਸਮਝ ਆਈ ਤਾਂ ਮੈਂ ਮਹਿਮਾਨਾਂ ਦੀ ਉਡੀਕ ਕਰਨ ਦੀ ਥਾਂ ਆਪਣੀ ਪਤਨੀ ਨਾਲ ਦਿਵਾਲੀ ਮਨਾਉਣ ਦੀ ਸੋਚੀ। ਪਰ ਉਹ ਵੀ ਮੈਨੂੰ ਨਾਲ ਲੈਣ ਦੇ ਮੂਡ ਵਿੱਚ ਨਹੀਂ ਸੀ। ਉਸ ਨੇ ਤੀਖਾ ਜਵਾਬ ਦਿੱਤਾ: "ਜਦ ਮੈਂ ਇੰਨੇ ਸਾਲਾਂ ਤੋਂ ਕਹਿੰਦੀ ਆ ਰਹੀ ਸੀ ਕਿ ਤੂੰ ਗਧੇ ਤੋਂ ਘੱਟ ਨਹੀਂ, ਤਦ ਤੂੰ ਕਦੇ ਨਹੀਂ ਮੰਨਿਆ। ਪਰ ਅੱਜ ਅਖ਼ਬਾਰ ਵਿੱਚ ਛਪੇ ਇਕ ਲੇਖ ਨੇ ਇਹ ਗੱਲ ਸੱਚ ਕਰ ਦਿੱਤੀ, ਤਾਂ ਤੂੰ ਤੁਰੰਤ ਮੰਨ ਲਿਆ।"

ਇਸ ਲਈ ਅਹੁਦੇ ਤੇ ਸਮੇਂ ਰਹਿੰਦੇ, ਆਪਣੇ ਦਰਜੇ ਦੇ ਨਾਲ-ਨਾਲ ਸਮਾਜ ਨਾਲ ਮਿਲਣਾ-ਜੁਲਣਾ, ਗੱਲਬਾਤ ਕਰਨੀ ਤੇ ਸਹਿਯੋਗ ਕਰਨਾ ਸਿੱਖ ਲਓ, ਨਹੀਂ ਤਾਂ ਗਧੇ ਵਰਗੇ ਹਾਲ ਹੋਣਗੇ।

**ਸਾਰ:**

ਜੋ ਵਿਅਕਤੀ ਆਪਣੀ ਨੌਕਰੀ ਦੇ ਦੌਰਾਨ, ਆਪਣੇ ਅਹੁਦੇ ਦੇ ਘਮੰਡ ਵਿਚ ਜ਼ਰੂਰਤ ਤੋਂ ਵੱਧ ਉੱਡਦਾ ਹੈ ਅਤੇ ਮੌਕੇ-ਬੇਮੌਕੇ ਲੋਕਾਂ ਨੂੰ ਧੌਂਸ ਦਿੰਦਾ ਜਾਂ ਤੰਗ ਕਰਦਾ ਹੈ, ਉਸ ਦਾ ਰਿਟਾਇਰਮੈਂਟ ਤੋਂ ਬਾਅਦ ਇਹੀ ਹਾਲ ਹੁੰਦਾ ਹੈ — ਉਹ ਪਛਤਾਵੇ ਅਤੇ ਆਤਮਗਲਾਨੀ ਵਿਚ ਜੀਉਂਦਾ ਹੈ। ਤੇ ਇਹ ਮੈਂ ਆਪਣੇ ਅੱਖੀਂ ਦੇਖਿਆ ਹੈ। ਕਿਉਂਕਿ, ਸਿਰਫ ਇੱਕ ਧੀ ਨੂੰ ਛੱਡ ਕੇ ਬਾਕੀ ਸਭ ਰਿਸ਼ਤੇ ਖਾਣ ਪੀਣ ਤੱਕ ਸੀਮਿਤ ਨੇ। ਤੇ ਦੂਸਰਾ ਰਿਸ਼ਤਾ ਹੈ ਤੁਹਾਡੀ ਘਰਵਾਲੀ। ਉਹ ਭਾਵੇਂ ਤੁਹਾਨੂੰ ਤਾਅਨੇ ਜਰੂਰ ਮਾਰ ਦੇਵੇ। ਉਹ ਵੀ ਉਦੋਂ ਤੱਕ, ਜਿੰਨਾ ਚਿਰ ਤੁਸੀਂ ਤੁਰਦੇ ਫਿਰਦੇ ਹੋ। ਬਾਅਦ ਵਿਚ ਉਹ ਵੀ ਇਹ ਹਿਮਾਕਤ ਕਦੇ ਨਹੀਂ ਕਰੇਗੀ। ਮੈਂ ਇਸ ਸਾਰੀ ਦੁਨੀਆਂ ਦੇ ਰਿਸ਼ਤਿਆਂ ਵਿਚੋਂ, ਪਹਿਲੇ ਨੰਬਰ ਤੇ ਧੀ, ਦੂਜੇ ਨੰਬਰ ਤੇ ਘਰਵਾਲੀ, ਪੁੱਤ ਨੂੰ ਵੀ ਮੈਂ ਤੀਜੇ ਨੰਬਰ ਤੇ ਮੰਨਦਾ ਹਾਂ।

ਨੋਟ::- ਮੇਰੇ ਨਾਲ ਅੱਜਕਲ ਇੱਕ ਨਵਾਂ ਵਿਦਵਾਨ ਜੁੜਿਆ ਕਰਕੇ ਦੱਸ ਦੇਵਾਂ, ਕਿ ਇਹ ਪੂਰੀ ਕਥਾ ਮੇਰੀ ਨਹੀਂ ਹੈ। ਨਹੀਂ ਤਾਂ ਮੈਨੂੰ ਉਹਨਾਂ ਨੂੰ ਸਫ਼ਾਈ ਦੇਣੀ ਪੈਣੀ। ਜਿਹੜੇ ਲਿਖਤ ਦੀ ਸਾਰਥਿਕਤਾ ਸਮਝਣ ਦੀ ਬਜਾਏ, ਇਹ ਖਿਆਲ ਰੱਖਦੇ ਕਿ ਕਿਸ ਨੇ ਕੀ ਲਿਖਿਆ ਹੈ। ਜਦ ਕਿ ਸੱਚ ਇਹ ਹੈ ਕਿ ਹੱਥ ਵਿਚ DNA ਦੀ ਰਿਪੋਰਟ ਫੜੇ ਬਿਨਾ ਤਾਂ ਅੱਜਕਲ ਇਹ ਵੀ ਕਹਿਣਾ ਮੁਸ਼ਕਿਲ ਹੈ, ਕਿ ਤੁਸੀਂ ਫਲਾਣਾ ਕਾਣਾ ਦੇ ਹੀ ਸਪੁੱਤਰ ਹੋ।



**ਵੈਦ ਬਲਵਿੰਦਰ ਸਿੰਘ ਢਿੱਲੋਂ**
**ਵਿੰਨੀਪੈਗ ਵਾਲਾ**

# ਬ੍ਰਹਮ ਗਿਆਨੀ, ਸੰਤ ਸ਼੍ਰੋਮਣੀ, ਕ੍ਰਾਂਤੀਕਾਰੀ ਰਹਿਬਰ, ਸਤਿਗੁਰੂ ਨਾਮਦੇਵ ਜੀ

ਕ੍ਰਾਂਤੀਕਾਰੀ ਰਹਿਬਰ, ਸੰਤ ਸ਼੍ਰੋਮਣੀ, ਬ੍ਰਹਮ ਗਿਆਨੀ, ਸਤਿਗੁਰੂ ਨਾਮਦੇਵ ਜੀ (1270-1350) ਦਾ ਜੀਵਨ 13ਵੀਂ ਸਦੀ ਵਿੱਚ ਸਮਾਜਿਕ ਗੈਰ-ਬਰਾਬਰੀ ਅਤੇ ਜਾਤੀਵਾਦੀ ਮਾਨਸਿਕਤਾ ਵਿਰੁੱਧ ਇੱਕ ਸੰਘਰਸ਼ਮਈ ਲੜਾਈ ਦਾ ਪ੍ਰਤੀਕ ਹੈ। ਆਪ ਨੇ ਪੰਜਾਬ ਦੀ ਪਵਿੱਤਰ ਧਰਤੀ, ਖਾਸਕਰ ਘੁਮਾਣ ਨੂੰ ਕੇਂਦਰ ਬਣਾ ਕੇ, ਵਰਣ ਵਿਵਸਥਾ ਦੇ ਜ਼ੁਲਮੀ ਢਾਂਚੇ ਨੂੰ ਚੁਣੌਤੀ ਦਿੱਤੀ ਅਤੇ ਸਮਾਜ ਵਿੱਚ ਸਮਾਨਤਾ, ਭਾਈਚਾਰਾ ਅਤੇ ਮਾਨਵੀ ਮੁੱਲਾਂ ਦੀ ਸਥਾਪਨਾ ਲਈ ਅਣਥੱਕ ਸੰਘਰਸ਼ ਕੀਤਾ। ਆਪਦੀ ਮਾਨਵਵਾਦੀ ਦੀ ਵਿਚਾਰਧਾਰਾ ਨੇ ਨਾ ਸਿਰਫ਼ ਉਸ ਸਮੇਂ ਦੇ ਸਮਾਜ ਨੂੰ ਝੰਜੋੜਿਆ, ਸਗੋਂ ਭਵਿੱਖ ਵਿੱਚ ਸਿੱਖ ਲਹਿਰ ਦੀ ਨੀਂਹ ਰੱਖਣ ਵਿੱਚ ਵੀ ਮਹੱਤਵਪੂਰਨ ਯੋਗਦਾਨ ਦਿੱਤਾ। ਸੰਤ ਨਾਮਦੇਵ ਜੀ ਦੀਆਂ ਸਿੱਖਿਆਵਾਂ ਨੂੰ ਸੰਤ ਸਤਿਗੁਰੂ ਕਬੀਰ ਜੀ ਅਤੇ ਸਤਿਗੁਰੂ ਰਵਿਦਾਸ ਜੀ ਸੰਤ ਸਤਿਗੁਰੂ ਸੈਣ ਜੀ ਨੇ ਅੱਗੇ ਵਧਾਇਆ, ਜਿਨ੍ਹਾਂ ਨੇ ਉਹਨਾਂ ਦੇ ਸਮਾਨਤਾ ਅਤੇ ਮਾਨਵਤਾਵਾਦੀ ਸੁਨੇਹੇ ਨੂੰ ਪ੍ਰਸਾਰਿਤ ਕੀਤਾ।

ਸੰਤ ਨਾਮਦੇਵ ਜੀ ਦਾ ਜੀਵਨ ਅਤੇ ਸਮਾਜਿਕ ਸੰਘਰਸ਼

ਸੰਤ ਨਾਮਦੇਵ ਜੀ ਦਾ ਜਨਮ 1270 ਈਸਵੀ ਵਿੱਚ ਮਹਾਂਰਾਸ਼ਟਰ ਦੇ ਨਰਸੀ-ਬਾਮਣੀ ਵਿੱਚ ਇੱਕ ਆਮ ਪਰਿਵਾਰ ਵਿੱਚ ਹੋਇਆ ਸੀ। ਉਹ ਇੱਕ ਛੀਂਬਾ(ਦਰਜ਼ੀ) ਜਾਤੀ ਨਾਲ ਸਬੰਧਤ ਸਨ, ਜਿਸ ਨੂੰ ਉਸ ਸਮੇਂ ਸਮਾਜ ਵਿੱਚ ਨੀਚ ਸਮਝਿਆ ਜਾਂਦਾ ਸੀ। ਬਚਪਨ ਤੋਂ ਹੀ ਉਹਨਾਂ ਦਾ ਝੁਕਾਅ ਭਗਤੀ ਅਤੇ ਈਸ਼ਵਰ-ਪ੍ਰੇਮ ਵੱਲ ਸੀ। ਆਪ ਨੇ ਸਮਾਜ ਦੀ ਜਾਤੀਵਾਦੀ ਮਾਨਸਿਕਤਾ ਨੂੰ ਬਚਪਨ ਵਿੱਚ ਹੀ ਮਹਿਸੂਸ ਕੀਤਾ, ਜਦੋਂ ਉਹਨਾਂ ਨੂੰ ਮੰਦਰ ਵਿੱਚ ਪ੍ਰਵੇਸ਼ ਕਰਨ ਤੋਂ ਰੋਕਿਆ ਗਿਆ। ਇਸ ਘਟਨਾ ਨੇ ਉਹਨਾਂ ਦੇ ਮਨ ਵਿੱਚ ਗਹਿਰੀ ਛਾਪ ਛੱਡੀ ਅਤੇ ਉਹਨਾਂ ਨੇ ਜਾਤੀਵਾਦ ਦੇ ਵਿਰੁੱਧ ਆਵਾਜ਼ ਉਠਾਉਣ ਦਾ ਪ੍ਰਣ ਕੀਤਾ। ਆਪ ਇਕ ਕ੍ਰਾਂਤੀਕਾਰੀ ਰਹਿਬਰ ਸਨ।

ਸੰਤ ਨਾਮਦੇਵ ਜੀ ਦੇ ਜੀਵਨ ਦੀ ਮਹਤਵਪੂਰਣ ਘਟਨਾ ਹੈ ਜਦੋਂ ਮੰਦਰ ਦੇ ਪੁਜਾਰੀਆਂ ਨੇ ਉਹਨਾਂ ਨੂੰ "ਹੀਨ ਜਾਤੀ" ਦੇ ਨਾਂ 'ਤੇ ਮੰਦਰ ਵਿੱਚੋਂ ਧੱਕੇ ਨਾਲ ਕੱਢ ਦਿੱਤਾ। ਸੰਤ ਨਾਮਦੇਵ ਜੀ ਨੇ ਇਸ ਅਪਮਾਨ ਨੂੰ ਸਹਿਣ ਦੀ ਬਜਾਏ ਇਸ ਦਾ ਵਿਰੋਧ ਕੀਤਾ। ਪ੍ਰਮਾਤਮਾ ਦੀ ਭਗਤੀ ਅਤੇ ਭਾਈਚਾਰਕ ਸਮਾਨਤਾ ਦੇ ਸੁਨੇਹੇ ਨੂੰ ਆਪਣੇ ਸ਼ਬਦਾਂ, ਭਜਨਾਂ ਤੇ ਕੀਰਤਨ ਰਾਹੀਂ ਲੋਕਾਂ ਤੱਕ ਪਹੁੰਚਾਇਆ।, ਜਦੋਂ ਪੁਜਾਰੀਆਂ ਨੇ ਉਹਨਾਂ ਨੂੰ ਮੰਦਰ ਵਿੱਚੋਂ ਕੱਢਿਆ, ਤਾਂ ਆਪ ਮੰਦਰ ਦੇ ਪਿਛਵਾੜੇ ਜਾਕੇ ਭਜਨ ਕੀਰਤਨ ਕਰਨ ਲੱਗ ਪਏ। ਉਥੇ ਹੀ ਆਪ ਦੇ ਸ਼ਰਧਾਲੂਆਂ ਦੀ ਭੀੜ ਉਮੜ ਪਈ, ਦਿਨੋਂ ਦਿਨੀਂ ਆਪ ਦੀ ਮਹਿਮਾ ਵਧਦੀ ਗਈ ਤੇ ਉਥੇ ਹੀ ਦੇਹੁਰਾ ਤਾਮੀਰ ਕਰਵਾ ਦਿਤਾ ਗਿਆ ਜਿਸ ਦਾ ਭਾਵ ਹੈ ਦੇਹੁਰਾ ਘੁਮਾ ਕੇ ਸੰਤ ਨਾਮਦੇਵ ਜੀ ਵੱਲ ਕਰ ਦਿੱਤਾ। ਆਪ ਨੇ ਸਮਾਜ ਨੂੰ ਸੁਨੇਹਾ ਦਿੱਤਾ ਕਿ ਪ੍ਰਮਾਤਮਾ ਸਭ ਦਾ ਸਾਂਝਾ ਹੈ, ਸਰਬ ਵਿਆਪਕ ਹੈ ਜੋ ਜਾਤ-ਪਾਤ ਦੀਆਂ ਹੱਦਾਂ ਤੋਂ ਪਰੇ ਹੈ। ਆਪ ਦਾ ਪਾਵਨ ਸ਼ਬਦ ਹੈ:

ਹਸਤ ਖੇਲਤ ਤੇਰੇ ਦੇਹੁਰੇ ਆਇਆ ॥ ਭਗਤ ਕਰਤ ਨਾਮਾ ਪਕਰਿ ਉਠਾਇਆ ॥੧॥ ਹੀਨੜੀ ਜਾਤ ਮੇਰੀ ਜਾਦਮ ਰਾਇਆ॥ ਛੀਪੇ ਕੇ ਜਨਮਿ ਕਾਹੇ ਕਉ ਆਇਆ ॥੧॥ ਰਹਾਉ ॥ ਲੈ ਕਮਲੀ ਚਲਿਓ ਪਲਟਾਇ ॥ ਦੇਹੁਰੈ ਪਾਛੈ ਬੈਠਾ ਜਾਇ ॥੨॥ ਜਿਉ ਜਿਉ ਨਾਮਾ ਹਰਿ ਗੁਣ ਉਚਰੈ ॥ ਭਗਤ ਜਨਾਂ ਕਉ ਦੇਹੁਰਾ ਫਿਰੈ॥੩॥੬॥

{ ਗੁਰੂ ਗ੍ਰੰਥ ਸਾਹਿਬ ਜੀ ਪੰਨਾ 1164}

ਭਗਤ ਨਾਮਦੇਵ ਜੀ ਨੇ ਆਪਣੀ ਉਮਰ ਦਾ ਵਧੇਰੇ ਹਿੱਸਾ ਪੰਡਰਪੁਰ ਵਿਚ ਗੁਜ਼ਾਰਿਆ; ਉੱਥੋਂ ਦੇ ਵਸਨੀਕ ਜਾਣਦੇ ਹੀ ਸਨ ਕਿ ਨਾਮਦੇਵ ਛੀਂਬਾ ਹੈ, ਉਹ ਸ਼ੂਦਰ ਜਾਣ ਕੇ ਉਹਨਾਂ ਨੂੰ ਨਫ਼ਰਤ ਕਰਦੇ ਸਨ। ਧਾਰਮਿਕ ਅਡੰਬਰਾਂ, ਅਵਤਾਰਵਾਦ ਜਾਤ ਪਾਤ ਦਾ ਵਿਰੋਧ ਕਰਨ ਕਰਕੇ ਠੰਡੇ ਪੁਜਾਰੀਆਂ ਵਲੋਂ ਉਹਨਾਂ ਦੀਆਂ ਹਾਕਮਾਂ ਕੋਲ ਸ਼ਿਕਾਇਤਾਂ ਕੀਤੀਆਂ ਜਾਂਦੀਆਂ ਰਹੀਆਂ ਤੇ ਉਹਨਾਂ ਨੂੰ ਦੇਸ਼ ਨਿਕਾਲਾ ਦੇਕੇ ਕੱਢ ਦਿੱਤਾ ਗਿਆ।

ਪੰਜਾਬ ਵਿੱਚ ਸੰਤ ਨਾਮਦੇਵ ਜੀ ਦਾ ਯੋਗਦਾਨ

ਸੰਤ ਨਾਮਦੇਵ ਜੀ ਨੇ ਆਪਣੇ ਜੀਵਨ ਦਾ ਇੱਕ ਮਹੱਤਵਪੂਰਨ ਹਿੱਸਾ ਪੰਜਾਬ ਵਿੱਚ, ਖਾਸਕਰ ਘੁਮਾਣ (ਜ਼ਿਲ੍ਹਾ ਗੁਰਦਾਸਪੁਰ) ਵਿੱਚ ਬਿਤਾਇਆ। ਇੱਥੇ ਉਹਨਾਂ ਨੇ ਆਪਣੀਆਂ ਸਿੱਖਿਆਵਾਂ ਰਾਹੀਂ ਸਮਾਜ ਵਿੱਚ ਸਮਾਨਤਾ ਅਤੇ ਭਾਈਚਾਰੇ ਦਾ ਸੁਨੇਹਾ ਫੈਲਾਇਆ। ਉਹਨਾਂ ਨੇ ਜਾਤੀਵਾਦੀ ਠੇਕੇਦਾਰਾਂ ਅਤੇ ਹਾਕਮਾਂ ਦੇ ਵਿਰੁੱਧ ਬਗਾਵਤ ਕੀਤੀ ਅਤੇ ਸਮਾਜ ਦੇ ਕਰੂਰ ਰਵੱਈਏ ਨੂੰ ਬਦਲਣ ਦੀ ਕੋਸ਼ਿਸ਼ ਕੀਤੀ। ਉਹਨਾਂ ਦੀਆਂ ਰਚਨਾਵਾਂ ਵਿੱਚ ਸਰਲਤਾ, ਪ੍ਰਮਾਤਮਾ ਪ੍ਰਤੀ ਸ਼ਰਧਾ ਅਤੇ ਸਮਾਜਿਕ ਨਿਆਂ ਦੀ ਭਾਵਨਾ ਸਾਫ਼ ਝਲਕਦੀ ਹੈ। ਉਹਨਾਂ ਦੀਆਂ ਰਚਨਾਵਾਂ ਵਿੱਚੋਂ 61 ਸ਼ਬਦ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ, ਜੋ ਉਹਨਾਂ ਦੀ ਵਿਚਾਰਧਾਰਾ ਦੀ ਗਹਿਰਾਈ ਅਤੇ ਸਾਰਥਕਤਾ ਨੂੰ ਦਰਸਾਉਂਦੇ ਹਨ।

ਉਹਨਾਂ ਦੀਆਂ ਰਚਨਾਵਾਂ ਵਿੱਚ ਪ੍ਰਮਾਤਮਾ ਦੀ ਸਰਵਵਿਆਪਕਤਾ, ਧਾਰਮਿਕ ਅਡੰਬਰਾਂ ਤੇ ਪਾਖੰਡ ਦਾ ਵਿਰੋਧ ਅਤੇ ਬਰਾਬਰੀ ਵਾਲੇ ਭਾਈਚਾਰੇ ਦਾ ਸੁਨੇਹਾ ਹੈ। ਉਹਨਾਂ ਨੇ ਕਿਹਾ:

ਈਭੈ ਬੀਠਲੁ ਊਭੈ ਬੀਠਲੁ ਬੀਠਲ ਬਿਨ ਸੰਸਾਰ ਨਹੀਂ॥

ਸਾਰੇ ਜੀਵਾਂ ਵਿੱਚ ਇੱਕੋ ਪ੍ਰਮਾਤਮਾ ਵਸਦਾ ਹੈ, ਅਤੇ ਜਾਤ-ਪਾਤ ਦੀਆਂ ਵੰਡੀਆਂ ਮਨੁੱਖੀ ਮਨ ਦੀ ਉਪਜ ਹੈ। ਆਪ ਨੇ ਅਵਤਾਰ ਵਾਦ ਦਾ ਬੜੇ ਵਿਅੰਗਮਈ ਅੰਦਾਜ਼ ਵਿਚ ਖੰਡਨ ਕੀਤਾ।ਉਨ ਦਾ ਪ੍ਰਸਿੱਧ ਸ਼ਬਦ ਹੈ:-

ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕਉ ਸਮਝਾਊ ਰੇ॥ ਰਹਾਉ॥
ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ॥
ਲੇ ਕਰਿ ਠੇਂਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ ॥੧॥
ਪਾਂਡੇ ਤੁਮਰਾ ਮਹਾਦੇਉ ਧਉਲੇ ਬਲਦ ਚੜਿਆ ਆਵਤੁ ਦੇਖਿਆ ਥਾ॥
ਮੋਦੀ ਕੇ ਘਰ ਖਾਣਾ ਪਾਕਾ ਵਾ ਕਾ ਲੜਕਾ ਮਾਰਿਆ ਥਾ॥੨॥
ਪਾਂਡੇ ਤੁਮਰਾ ਰਾਮਚੰਦ ਸੋ ਭੀ ਆਵਤੁ ਦੇਖਿਆ ਥਾ॥
ਰਾਵਣ ਸੇਤੀ ਸਰਵਰ ਹੋਈ ਘਰ ਕੀ ਜੋਇ ਗਵਾਈ ਥੀ ॥੩॥
ਹਿੰਦੂ ਅੰਨ੍ਹਾ ਤੁਰਕੂ ਕਾਣਾ॥ ਦੁਹੂੰ ਤੇ ਗਿਆਨੀ ਸਿਆਣਾ ॥
ਹਿੰਦੂ ਪੂਜੈ ਦੇਹੁਰਾ ਮੁਸਲਮਾਣੁ ਮਸੀਤਿ ॥
ਨਾਮੇ ਸੋਈ ਸੇਵਿਆ ਜਹ ਦੇਹੁਰਾ ਨ ਮਸੀਤਿ॥੪॥੩॥੭॥

(ਅੰਗ 874 ਰਾਗ ਗੋਂਡ ਸੰਤ ਨਾਮਦੇਵ ਜੀ)

ਸਮਾਜਿਕ ਗੈਰ-ਬਰਾਬਰੀ ਵਿਰੁੱਧ ਬਗ਼ਾਵਤ

ਸੰਤ ਨਾਮਦੇਵ ਜੀ ਨੇ ਵਰਣ ਵਿਵਸਥਾ ਦੇ ਮੁੱਦਈਆਂ ਨੂੰ ਸਿੱਧੀ ਚੁਣੌਤੀ ਦਿੱਤੀ। ਉਹਨਾਂ ਨੇ ਸਮਾਜ ਦੇ ਉੱਚ ਵਰਗ ਦੀ ਮਾਨਸਿਕਤਾ ਨੂੰ ਆਪਣੀਆਂ ਰਚਨਾਵਾਂ ਅਤੇ ਸਿੱਖਿਆਵਾਂ ਰਾਹੀਂ ਵੰਗਾਰਿਆ। ਜਦੋਂ ਉਹਨਾਂ ਨੂੰ ਮੰਦਰ ਵਿੱਚੋਂ ਕੱਢਿਆ ਗਿਆ ਜਾਂ ਦੇਸ਼ ਨਿਕਾਲੇ ਦੀ ਸਜ਼ਾ ਦਿੱਤੀ ਗਈ, ਉਹਨਾਂ ਨੇ ਹਾਰ ਨਾ ਮੰਨੀ ਅਤੇ ਆਪਣੇ ਸੁਨੇਹੇ ਨੂੰ ਹੋਰ ਵੀ ਜੋਰਦਾਰ ਢੰਗ ਨਾਲ ਫੈਲਾਇਆ। ਆਪ ਦੀਆਂ ਸਿੱਖਿਆਵਾਂ ਵਿੱਚ ਇਹ ਸੁਨੇਹਾ ਸੀ ਕਿ ਸੱਚਾ ਧਰਮ ਜਾਤ-ਪਾਤ ਤੋਂ ਉੱਪਰ ਹੈ ਅਤੇ ਸਭ ਮਨੁੱਖ ਇੱਕੋ ਪ੍ਰਮਾਤਮਾ ਦੀ ਸੰਤਾਨ ਹਨ।

ਉਹਨਾਂ ਦੀ ਇਸ ਲੜਾਈ ਨੇ ਪੰਜਾਬ ਦੀ ਧਰਤੀ ਨੂੰ ਸਮਾਜਿਕ ਬਦਲਾਅ ਦਾ ਕੇਂਦਰ ਬਣਾਇਆ। ਆਪ ਦੀ ਵਿਚਾਰਧਾਰਾ ਨੇ ਸਿੱਖ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਲਈ ਜ਼ਮੀਨ ਤਿਆਰ ਕੀਤੀ, ਜਿਨ੍ਹਾਂ ਨੇ ਬਾਅਦ ਵਿੱਚ ਜਾਤੀਵਾਦ ਅਤੇ ਸਮਾਜਿਕ ਗੈਰ-ਬਰਾਬਰੀ ਨੂੰ ਪੂਰੀ ਤਰ੍ਹਾਂ ਨਕਾਰਦਿਆਂ ਸਮਾਨਤਾ ਅਤੇ ਸਰਬੱਤ ਦੇ ਭਲੇ ਦੀ ਵਿਚਾਰਧਾਰਾ ਨੂੰ ਅੱਗੇ ਵਧਾਇਆ।

ਸੰਤ ਨਾਮਦੇਵ ਜੀ ਦੀ ਵਿਚਾਰਧਾਰਾ ਨੂੰ ਸੰਤ ਕਬੀਰ ਜੀ (1398-1518) ਅਤੇ ਸਤਿਗੁਰੂ ਰਵਿਦ-ਾਸ ਜੀ (1450-1520) ਨੇ ਨਾ ਸਿਰਫ਼ ਅਪਣਾਇਆ, ਸਗੋਂ ਉਸ ਨੂੰ ਹੋਰ ਵੀ ਵਿਸਤਾਰ ਦਿੱਤਾ। ਸੰਤ ਕਬੀਰ ਜੀ ਨੇ ਆਪਣੀਆਂ ਦੋਹਿਆਂ ਅਤੇ ਸ਼ਬਦਾਂ ਰਾਹੀਂ ਜਾਤੀਵਾਦ ਅਤੇ ਧਾਰਮਿਕ ਕਟੜਤਾ ਦੀ ਨਿਖੇਧੀ ਕੀਤੀ।

ਸਤਿਗੁਰੂ ਰਵਿਦਾਸ ਜੀ, ਜੋ ਖੁਦ ਵੀ ਸਮਾਜ ਦੀ ਤਥਾ ਕਥਿਤ "ਨੀਵੀਂ ਜਾਤੀ" ਨਾਲ ਸਬੰਧਤ ਸਨ, ਨੇ ਸੰਤ ਨਾਮਦੇਵ ਜੀ ਦੀਆਂ ਸਿੱਖਿਆਵਾਂ ਨੂੰ ਅਪਣਾਉਂਦਿਆਂ ਸਮਾਜ ਵਿੱਚ ਸਮਾਨਤਾ ਅਤੇ ਮਾਨਵੀ ਮੁੱਲਾਂ ਦੀ ਸਥਾਪਨਾ ਲਈ ਸੰਘਰਸ਼ ਕੀਤਾ। ਉਹਨਾਂ ਦੀਆਂ ਰਚਨਾਵਾਂ ਵਿੱਚ ਵੀ ਜਾਤੀਵਾਦ ਦੀ ਨਿੰਦਾ ਅਤੇ ਪ੍ਰਮਾਤਮਾ ਦੀ ਸਰਵ ਵਿਆਪਕਤਾ ਦਾ ਸੁਨੇਹਾ ਮਿਲਦਾ ਹੈ।ਆਪ ਦੇ ਸ਼ਬਦ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸ਼ਾਮਲ ਹਨ, ਜੋ ਸਮਾਜਿਕ ਸੁਧਾਰ ਦੀ ਇੱਕ ਮਿਸਾਲ ਹਨ।

ਸੰਤ ਨਾਮਦੇਵ ਜੀ ਦੀ ਵਿਚਾਰਧਾਰਾ ਅਤੇ ਸੰਘਰਸ਼ ਨੇ ਸਿੱਖ ਲਹਿਰ ਦੀ ਨੀਂਹ ਰੱਖੀ। ਉਹਨਾਂ ਦੀਆਂ ਸਿੱਖਿਆਵਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਹੋਰ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਪ੍ਰਭਾਵਿਤ ਕੀਤਾ। ਸਿੱਖ ਧਰਮ ਦੀ ਸਮਾਨਤਾ, ਸਰਬੱਤ ਦੇ ਭਲੇ ਅਤੇ ਜਾਤ-ਪਾਤ ਨੂੰ ਨਕਾਰਦੀ ਵਿਚਾਰਧਾਰਾ ਵਿੱਚ ਸੰਤ ਨਾਮਦੇਵ ਜੀ ਦੇ ਵਿਚਾਰਾਂ ਦੀ ਝਲਕ ਸਾਫ਼ ਦਿਸਦੀ ਹੈ। ਉਹਨਾਂ ਦੀ ਵਿਰਾਸਤ ਅੱਜ ਵੀ ਘੁਮਾਣ ਦੇ ਗੁਰਦੁਆਰਾ ਸੰਤ ਨਾਮਦੇਵ ਜੀ ਅਤੇ ਉਹਨਾਂ ਦੀਆਂ ਰਚਨਾਵਾਂ ਰਾਹੀਂ ਜਿਉਂਦੀ ਹੈ।

ਸੰਤ ਸਤਿਗੁਰੂ ਨਾਮਦੇਵ ਜੀ ਨੇ 13ਵੀਂ ਸਦੀ ਵਿੱਚ ਸਮਾਜਿਕ ਗੈਰ-ਬਰਾਬਰੀ ਅਤੇ ਜਾਤੀਵਾਦ ਦੇ ਵਿਰੁੱਧ ਇੱਕ ਅਜਿਹੀ ਲਹਿਰ ਚਲਾਈ, ਜਿਸ ਨੇ ਸਮਾਜ ਨੂੰ ਨਵੀਂ ਦਿਸ਼ਾ ਦਿੱਤੀ। ਉਹਨਾਂ ਦੀਆਂ ਸਿੱਖਿਆਵਾਂ ਨੇ ਸਮਾਨਤਾ, ਭਾਈਚਾਰੇ ਅਤੇ ਮਾਨਵੀ ਮੁੱਲਾਂ ਦੀ ਸਥਾਪਨਾ ਕੀਤੀ, ਜੋ ਸੰਤ ਕਬੀਰ ਜੀ, ਸਤਿਗੁਰੂ ਰਵਿਦਾਸ ਜੀ ਅਤੇ ਸਿੱਖ ਗੁਰੂ ਸਾਹਿਬਾਨ ਦੁਆਰਾ ਅੱਗੇ ਵਧੀ। ਉਹਨਾਂ ਦਾ ਜੀਵਨ ਅਤੇ ਸੰਘਰਸ਼ ਅੱਜ ਵੀ ਸਾਨੂੰ ਪ੍ਰੇਰਿਤ ਕਰਦਾ ਹੈ ਕਿ ਸੱਚ ਅਤੇ ਨਿਆਂ ਦੀ ਲੜਾਈ ਕਿਸੇ ਵੀ ਸਮਾਜਿਕ ਰੁਕ-ਾਵਟ ਨੂੰ ਪਾਰ ਕਰ ਸਕਦੀ ਹੈ।

**ਲਾਲ ਸਿੰਘ ਸੁਲਹਾਣੀ**
**9872155120**



# ਪਿਤਾ-ਪੁਰਖੀ ਵਿਰਾਸਤੀ ਵਸਤਾਂ ਤੋਂ ਅਸੀਂ ਕਿੰਝ ਵਿਰਵੇ ਹੋਏ

ਸੈਰ-ਸਫਰ ਤੇ ਨਿਕਲਿਆ ਇਨਸਾਨ ਪੁਰਾਤਨ ਕਿਲ੍ਹੇ,ਇਤਿਹਾਸਕ ਥਾਵਾਂ ਤੇ ਬਣੇ ਅਜਾਇਬ ਘਰ ਦੇਖਣ ਦੀ ਉਤਸੁਕਤਾ ਮਨ 'ਚ ਜ਼ਰੂਰ ਰੱਖਦਾ ਹੈ।ਪੁਰਾਣੇ ਸਮੇਂ 'ਚ ਰਾਜੇ-ਮਹਾਰਾਜੇ ਆਪਣੇ ਪਿੱਛੇ ਇੱਕ ਵਿਰਾਸਤ ਛੱਡ ਕੇ ਜਾਂਦੇ ਸਨ ਜਿਸ ਨੂੰ ਉਸ ਦੀਆਂ ਅਗਲੀਆਂ ਪੀੜੀਆਂ ਸੰਭਾਲਦੀਆਂ ਸਨ।ਪੁਰਾਤਨ ਕਿਲ੍ਹਿਆਂ 'ਚ ਬਣੇ ਅਜਾਇਬ ਘਰ ਪੁਰਾਤਨ ਹਥਿਆਰਾਂ ,ਯੁੱਧਾਂ/ਜੰਗਾਂ ਦਾ ਰਿਕਾਰਡ ਤੇ ਹੋਰ ਸੰਭਾਲਣਯੋਗ ਵਸਤਾਂ ਦਾ ਭਰਭੂਰ ਖਜ਼ਾਨਾ ਆਪਣੇ ਕਲਾਵੇ ਸਮੋਈ ਬੈਠੇ ਹਨ।ਇਸੇ ਤਰ੍ਹਾਂ ਇਤਿਹਾਸਕ ਥਾਵਾਂ, ਖਾਸ ਕਰਕੇ ਸਿੱਖਾਂ ਨੇ ਆਪਣੇ ਇਤਿਹਾਸਕ ਵਿਰਸੇ ਨੂੰ ਸੰਭਾਲਣ ਲਈ ਵੀ ਸਿੱਖ ਅਜਾਇਬ ਘਰ ਸਥਾਪਿਤ ਕੀਤੇ ਤੇ ਇਹਨਾਂ 'ਚ ਗੁਰੂ ਕਾਲ ਤੋਂ ਲੈ ਕੇ ਅੱਜ ਤੱਕ ਦੀਆਂ ਇਤਿਹਾਸਕ ਵਸਤਾਂ ਤੇ ਹੋਰ ਬਹੁਤ ਕੁੱਝ ਸੰਭਾਲਿਆ ਹੋਇਆ ਹੈ। ਪਰ ਅੱਜ ਆਪਾ ਅਜਿਹੇ ਅਜਾਇਬ ਘਰਾਂ ਦੀ ਗੱਲ ਕਰਨ ਲੱਗੇ ਹਾਂ ਜੋ ਹਰ ਘਰ 'ਚ ਬਣ ਸਕਦਾ ਸੀ ਤੇ ਅਸੀਂ ਆਪਣੇ ਬੱਚਿਆਂ ਨੂੰ ਉਸ ਨਾਲ ਜੋੜ ਸਕਦੇ ਸੀ।ਪਰ ਸਾਡੀ ਬਦਕਿਸਮਤੀ ਰਹੀ ਕਿ ਇੱਕ-ਦੁੱਕਾ ਨੂੰ ਛੱਡ ਕੇ ਬਹੁ-ਗਿਣਤੀ ਆਪਣੇ ਦਾਦੇ-ਪੜਦਾਦੇ ਦੀ ਵਿਰਾਸਤ ਦੀਆਂ ਅਣ-ਮੁੱਲੀਆਂ ਵਸਤਾਂ ਤੋਂ ਅੱਜ ਵਿਰਵੀ ਹੋ ਚੁੱਕੇ ਹਨ।ਥੋੜ੍ਹਾ ਪਿਛਾਂਹ ਝਾਤ ਮਾਰੀਏ ਤਾਂ ਅਸੀਂ ਅਕਸਰ ਪਿੰਡਾਂ ਵਿੱਚ ਪ੍ਰਵਾਸੀ ਔਰਤਾਂ ਦੇ ਹੋਕੇ ਸੁਣਦੇ ਸਾਂ।ਇਹ ਔਰਤਾਂ ਸਟੀਲ ਦੇ ਭਾਂਡਿਆਂ ਬਦਲੇ ਪੁਰਾਣੇ ਕੱਪੜਿਆਂ ਦੀ ਮੰਗ ਕਰਦੀਆਂ ਸਨ।ਪੁਰਾਣੇ ਕੱਪੜਿਆਂ 'ਚ ਇਹ ਅਕਸਰ ਬਾਗ਼,ਫੁਲਕਾਰੀਆਂ ਬਦਲੇ ਸਟੀਲ ਦੇ ਭਾਂਡਿਆਂ ਦਾ ਸੌਦਾ ਕਰਦੀਆਂ ਸਨ।ਪਿੰਡਾਂ ਦੀਆਂ ਭੋਲੀਆਂ ਔਰਤਾਂ ਚਮਕਦੇ ਸਟੀਲ ਦੇ ਭਾਂਡੇ ਖਰੀਦਣ ਲਈ ਸੌਦਾ ਲਾਹੇਵੰਦ ਸਮਝ ਕੇ ਝੱਟ ਆਪਣੇ ਕੀਮਤੀ ਬਾਗ਼,





ਫੁਲਕਾਰੀਆਂ ਇਹਨਾਂ ਦੇ ਹਵਾਲੇ ਕਰ ਦਿੰਦੀਆਂ ਸਨ। ਇਹ ਬਾਗ਼,ਫੁਲਕਾਰੀਆਂ ਪੀੜ੍ਹੀ ਦਰ ਪੀੜ੍ਹੀ ਨਾਨੀਆਂ-ਦਾਦੀਆਂ ਦੀ ਵਿਰਾਸਤ ਹੁੰਦੀ ਸੀ।ਉਸ ਵਕਤ ਉਹਨਾਂ ਨੂੰ ਇਹਨਾਂ ਦੀ ਅਹਿਮੀਅਤ ਦਾ ਗਿਆਨ ਨਾ ਹੋਣ ਕਰਕੇ ਸੌਦਾ ਸਸਤਾ ਲਗਦਾ ਸੀ।ਪਰ ਅੱਜ ਉਹਨਾਂ ਹੀ ਬਾਗ਼-ਫੁਲਕਾਰੀਆਂ ਨੂੰ ਅਸੀਂ ਬਜ਼ਾਰੋਂ ਮਹਿੰਗੇ ਭਾਅ ਖਰੀਦ ਰਹੇ ਹਾਂ।ਜਿਉਂ ਹੀ ਸਾਡੇ ਬੱਚੇ/ ਬੱਚੀਆਂ ਨੇ ਬਾਹਰਲੇ ਮੁਲਕਾਂ ਦਾ ਰੁੱਖ ਕੀਤਾ ਤਾਂ ਇਹਨਾਂ ਵਿਰਾਸਤੀ ਵਸਤਾਂ ਪ੍ਰਤੀ ਉਹਨਾਂ 'ਚ ਮੋਹ ਜਾਗਿਆ ਤੇ ਇਧਰ ਬੈਠੇ ਮਾਪੇ ਹਜ਼ਾਰਾਂ ਰੁਪਏ ਖਰਚ ਕੇ ਅੱਜ ਆਪਣੇ ਬੱਚੇ/ਬੱਚੀਆਂ ਦੇ ਚਾਅ ਪੂਰੇ ਕਰ ਰਹੇ ਹਨ। ਦੂਜਾ ਹੱਲਾ ਇਹਨਾਂ ਪ੍ਰਵਾਸੀ ਔਰਤਾਂ ਨੇ ਸਾਡੇ ਘਰਾਂ 'ਚ ਸੈਂਕੜੇ ਸਾਲਾਂ ਤੋਂ ਵਰਤੇ ਜਾਂਦੇ ਪਿੱਤਲ ਦੇ ਭਾਂਡਿਆ ਤੇ ਕੀਤਾ।ਇਹਨਾਂ ਚਲਾਕ ਔਰਤਾਂ ਨੇ ਸਾਡੀਆਂ ਭੋਲੀਆਂ-ਭਾਲੀਆਂ ਬੀਬੀਆਂ ਦੀ ਅਗਿਆਨਤਾ ਦਾ ਖੂਬ ਫਾਇਦਾ ਉਠਾਇਆ ਤੇ ਅਸੀਂ ਹੱਥ ਮਲਦੇ ਰਹਿ ਗਏ।ਸਾਡੇ ਘਰਾਂ ਵਿੱਚੋਂ ਇੱਕ-ਇੱਕ ਕਰਕੇ ਸਾਡੇ ਪਿਤਾ ਪੁਰਖੀ ਭਾਂਡੇ ਜਿੰਨ੍ਹਾਂ ਵਿੱਚ ਦੇਗਾਂ, ਟੋਕਣੀਆਂ, ਬਾਲਟੀਆਂ,ਪਤੀਲੇ, ਵਲਟੋਹੀਆਂ, ਗਾਗਰਾਂ,ਜੱਗ, ਥਾਲ,ਗਲਾਸ, ਕੌਲੀਆਂ ਚਮਚੇ ,ਡੋਲੂ, ਗੜਬੀਆਂ,



ਫਲੇਲ ਸਿੰਘ ਸਿੱਧੂ

ਗੜਬੇ ਤੇ ਬੱਚਿਆਂ ਦੀਆਂ ਪਿੱਤਲ ਦੀਆਂ ਚੂੰਘਣੀਆਂ ਤੱਕ ਹਰ ਤਰ੍ਹਾਂ ਦੇ ਪਿੱਤਲ ਦੇ ਭਾਂਡੇ ਕਦੋਂ ਘਟੀਆਂ ਮਿਆਰ ਦੇ ਸਟੀਲ ਦੇ ਬਰਤਨਾਂ 'ਚ ਤਬਦੀਲ ਹੋ ਗਏ ਸਾਨੂੰ ਭਿਣਕ ਤੱਕ ਨਹੀਂ ਪਈ।ਅੱਜ ਜਦੋਂ ਬੀਤੇ ਵਕਤ ਤੇ ਝੁਰਦੇ ਲੋਕ ਆਪਣਾ ਮਨ ਫਰੋਲਦੇ ਹਨ ਤਾਂ ਉਹ ਅਕਸਰ ਦੱਸਦੇ ਹਨ ਕਿ ਉਹ ਤਾਂ ਸਟੀਲ ਦੀ ਥਾਂ ਸਸਤੇ ਲੋਹੇ ਦੇ ਭਾਂਡੇ ਦੇ ਕੇ ਸਾਡੇ ਬਹੁਮੁੱਲੇ ਖਜ਼ਾਨੇ ਤੇ ਡਾਕਾ ਮਾਰ ਗਏ। ਸਮੇਂ ਦਾ ਪਹੀਆ ਫੇਰ ਪੁੱਠਾ ਗਿੜਨ ਲੱਗਿਆ ਹੈ ਤੇ ਲੋਕ ਮੁੜ ਮਹਿੰਗੇ ਭਾਅ ਬਜ਼ਾਰੋਂ ਪਿੱਤਲ ਦੇ ਭਾਂਡਿਆਂ ਦੀ ਖਰੀਦਦਾਰੀ ਕਰਦੇ ਨਜ਼ਰੀ ਪੈਂਦੇ ਹਨ।ਪਰ ਸਿਆਣੇ ਕਹਿੰਦੇ ਹਨ ਕਿ ਕਿਸੇ ਚੀਜ਼ ਦਾ ਬੀਜ਼ ਨਾਸ਼ ਨਹੀਂ ਹੁੰਦਾ।ਸੋ ਅੱਜ ਵੀ ਕੁੱਝ ਘਰਾਂ 'ਚ ਇਹਨਾਂ ਪੁਰਾਤਨ ਭਾਂਡਿਆਂ ਦੇ ਦਰਸ਼ਨ ਹੋ ਜਾਂਦੇ ਹਨ।ਭਾਵੇਂ ਉਹ ਲੋਕ ਇਹਨਾਂ ਦੀ ਵਰਤੋਂ ਨਾ ਕਰਦੇ ਹੋਣ ਪਰ ਘਰ ਦੀ ਕਾਨਸ ਦਾ ਸਿੰਗਾਰ ਜਰੂਰ ਬਣੇ ਹੋਏ ਹਨ। ਜਿਵੇਂ-ਜਿਵੇਂ ਅਸੀਂ ਸ਼ਹਿਰਾਂ ਦੀ ਰੀਸ ਕਰਨ ਲੱਗੇ ਸਾਡੇ ਘਰਾਂ 'ਚੋਂ ਖੱਡੀਆਂ ਅਲੋਪ ਹੋਣ ਲੱਗੀਆਂ।ਪਹਿਲਾਂ ਹਰ ਘਰ 'ਚ ਖੱਡੀ ਹੁੰਦੀ ਸੀ ਤੇ ਸੁਆਣੀਆਂ ਆਪਣੀ ਲੋੜ੍ਹ ਅਨੁਸਾਰ ਕੱਪੜਾ ਘਰੇ ਹੀ ਤਿਆਰ ਕਰਦੀਆਂ ਸਨ।ਇਹਨਾਂ ਕੱਪੜਿਆਂ 'ਚ ਚਿੱਟਾ ਖੱਦਰ,ਖੇਸ, ਚਤਈਆਂ, ਦੋੜੇ, ਦਰੀਆਂ ਆਦਿ ਸਾਮਲ ਹੁੰਦੇ ਸਨ।ਘਰ ਕੱਪੜਾ ਤਿਆਰ ਕਰਨ ਦਾ ਭਾਵ ਆਤਮ-ਨਿਰਭਰ ਹੋਣਾ ਤੇ ਘਰ ਦੀਆਂ ਲੜਕੀਆਂ ਨੂੰ ਖੱਡੀ ਦਾ ਕੰਮ ਸਿਖਾਉਣਾ ਵੀ ਹੁੰਦਾ ਸੀ।ਸਿਆਣੀਆਂ ਸੁਆਣੀਆਂ ਕੁੜੀਆਂ ਦਾ



ਦਾਜ ਕਈ-ਕਈ ਸਾਲ ਪਹਿਲਾਂ ਹੀ ਤਿਆਰ ਕਰਨ 'ਚ ਰੁੱਝ ਜਾਂਦੀਆਂ ਸਨ।ਪਰ ਸਮੇਂ ਨੇ ਕਰਵੱਟ ਲਈ ਤੇ ਪਿੰਡਾਂ 'ਚ ਸ਼ਹਿਰੋਂ ਖੱਡੀਆਂ ਵਾਲੇ ਫੇਰਾ ਪਾਉਣ ਲੱਗੇ।ਉਹ ਥੋੜ੍ਹੇ ਬਹੁਤੇ ਫਰਕ ਨਾਲ ਰੰਗਦਾਰ ਪਰ ਹਲਕੇ ਪੱਧਰ ਦਾ ਕੱਪੜਾ ਪਿੰਡਾਂ 'ਚ ਵੇਚਣ ਲੱਗੇ।ਪੇਂਡੂ ਸੁਆਣੀਆਂ ਨੂੰ ਰੰਗਦਾਰ ਖੇਸ,ਚਾਦਰਾਂ ਆਦਿ ਅਕਰਸ਼ਕ ਕਰਨ ਲੱਗੀਆਂ ਤੇ ਉਹਨਾਂ ਨੇ ਆਪਣੇ ਹੱਥੀ ਤਿਆਰ ਕੀਤੇ ਕੱਪੜੇ ਇਹਨਾਂ ਨਾਲ ਵਟਾਉਣੇ ਸ਼ੁਰੂ ਕਰ ਦਿੱਤੇ ਤੇ ਨਵੇਂ ਬਣਨੇ ਲਗਭਗ ਬੰਦ ਹੋ ਗਏ ।ਸੋ ਇਸ ਵਟਾਂਦਰੇ ਦੇ ਚਲਦਿਆਂ ਉਹਨਾਂ ਦਾ ਇਹ ਘਰੇਲੂ ਕਿੱਤਾ ਅੱਜ ਪੂਰਨ ਤੌਰ ਤੇ ਅਲੋਪ ਹੋ ਗਿਆ।

ਆਉ ਹੁਣ ਅਖੀਰ ਤੇ ਆਪਾ ਅਜਾਇਬ ਘਰਾਂ 'ਚ ਜਾਂ ਕਿਸੇ ਵਿਆਕਤੀ ਦੁਆਰਾ ਆਪਣੇ ਯਤਨਾਂ ਨਾਲ ਸੰਭਾਲੇ ਪੁਰਾਤਨ ਖੇਤੀ ਸੰਦਾਂ ਦੀ ਗੱਲ ਕਰਦੇ ਹਾਂ।ਮਸ਼ੀਨਰੀ ਯੁੱਗ ਦੇ ਸ਼ੁਰੂ ਹੁੰਦਿਆਂ ਹੀ ਪਿੰਡਾਂ ਚੋਂ ਸੈਕੜੇ ਸਾਲ ਪੁਰਾਣੇ ਖੇਤੀ ਸੰਦ ਜਿਵੇਂ ਕਾਠ ਦਾ ਹਲ਼, ਤੰਗਲੀ, ਸਲੰਘ, ਜੱਫਾ,ਦੋਸਾਂਗਾ,ਪਲਾਣਾ,ਗੱਡੇ, ਸਦਵਾਈ ਆਦਿ ਜਾਂ ਤਾਂ ਚੁੱਲ੍ਹਿਆਂ ਦੀ ਭੇਂਟ ਚੜ੍ਹ ਗਏ ਜਾਂ ਸੰਭਾਲ ਖੁਣੋ ਵਰਤੋਂ ਯੋਗ ਨਹੀਂ ਰਹੇ।ਪਰ ਬਹੁਤ ਹੀ ਅਜੀਬ ਗੱਲ ਇਹ ਹੈ ਕਿ ਇਹੋ ਸੰਦ-ਸੰਦੇੜਾ ਅਸੀਂ ਅਜਾਇਬ ਘਰਾਂ ' ਦੀਆਂ ਟਿਕਟਾਂ ਲੈ ਕੇ ਆਪ ਵੀ ਦੇਖਦੇ ਹਾਂ ਤੇ ਆਪਣੇ ਬੱਚਿਆਂ ਨੂੰ ਵੀ ਦਿਖਾਉਂਦੇ ਹਾਂ।ਸੋਸ਼ਲ ਮੀਡੀਆ ਤੇ ਜਦੋਂ ਕੋਈ ਇਹਨਾਂ ਦੀ ਤਸਵੀਰ ਸਾਂਝੀ ਕਰਦਾ ਹੈ ਤਾਂ ਅਸੀਂ ਇਹਨਾਂ ਨੂੰ ਬਹੁਤ ਹੀ ਉਤਸੁਕਤਾ ਨਾਲ ਦੇਖਦੇ ਹਾਂ ਤੇ ਆਪਣੀ ਖੁਸ਼ੀ ਵਿਰਾਸਤ ਦੀ ਗੱਲ ਕਰਦੇ ਹਾਂ ।ਪਰ ਸਮਾਂ ਰਹਿੰਦੇ ਇਹਨਾਂ ਨੂੰ ਸੰਭਾਲਣ ਲਈ ਸਾਡੇ ਕੋਲ ਸਮਾਂ ਤੇ ਥਾਂ ਨਹੀਂ ਸੀ।ਅਸੀਂ ਆਪਣੇ-ਆਪ ਨੂੰ ਪੇਂਡੂ ਤੇ ਪਿਛਾਂਹ ਖਿੱਚੂ ਸੋਚ ਤੋਂ ਬਚਾਉਂਦੇ-ਬਚਾਉਂਦੇ ਅੱਜ ਇਸ ਸਟੇਜ ਤੇ ਪਹੁੰਚ ਚੁੱਕੇ ਹਾਂ ਕਿ ਆਪਣੀਆਂ ਸੁੰਦਰ ਕੋਠੀਆਂ ਨੂੰ ਸਜਾਉਣ ਲਈ ਇਹਨਾਂ ਚੀਜ਼ਾਂ ਦੇ ਮਾਡਲਾਂ ਦਾ ਸਹਾਰਾ ਤਾਂ ਲੈਂਦੇ ਹਾਂ ਪਰ ਇਹਨਾਂ ਤੋਂ ਬੇਮੁੱਖ ਹੋਣ ਵੇਲੇ ਅਸੀਂ ਜ਼ਰਾ ਨਹੀਂ ਸੋਚਿਆ।

ਸੋ ਅਖੀਰ ਤੇ ਅਸੀਂ ਇਸ ਸਿੱਟੇ ਤੇ ਪਹੁੰਚਦੇ ਹਾਂ ਕਿ ਭਾਵੇਂ ਸਾਨੂੰ ਸਮੇਂ ਦੇ ਬਦਲਾਅ ਸੰਗ ਕਦਮ ਨਾਲ ਕਦਮ ਮਿਲਾ ਕੇ ਚੱਲਣਾ ਪੈਂਦਾ ਹੈ ।ਪਰ ਅਸੀਂ ਆਪਣੀ ਅਮੀਰ ਵਿਰਾਸਤ ਚੋਂ ਬਹੁਤ ਕੁੱਝ ਖੋ ਚੁੱਕੇ ਹਾਂ ਜਿਸ ਦੀ ਭਰਪਾਈ ਸੌਖਿਆ ਪੂਰੀ ਨਹੀਂ ਕੀਤੀ ਜਾ ਸਕਦੀ।

# ਬਾਬੇ ਨਾਨਕ ਦੀ ਸੋਚ

ਕਿਰਤੀਆਂ ਦੇ ਹੱਕਾਂ ਦੀ, ਗੱਲ ਕਰਨ ਵਾਲਾ ਬਾਬਾ, ਧੁਰ ਕੀ ਬਾਣੀ ਆਈ, ਵਾਲਾ ਪੀਰ ਪੈਗੰਬਰ ਹੋ ਨਿਬੜਿਆ। ਬਾਬੇ ਨਾਨਕ ਦਾ ਉਪਦੇਸ਼ ਹੈ ਕਿ, ਹੇ ਮਨੁੱਖ! ਤੈਨੂੰ ਪਰਮਾਤਮਾ ਨੇ ਕਿਰਤ ਕਮਾਈ ਕਰਕੇ, ਹੱਕ ਸੱਚ ਦੀ ਕਮਾਈ ਕਰਕੇ, ਜੀਵਨ ਜਿਉਣ ਦੀ, ਸੇਧ ਦਿੱਤੀ ਹੈ। ਪਰ ਤੂੰ, ਲਾਲਚ ਦੇ ਵਿੱਚ ਫਸ ਕੇ, ਆਪਣਿਆਂ ਦਾ ਹੀ, ਸਤਿਆਨਾਸ ਕਰੀ ਜਾਂਦਾ ਹੈ। ਉਸਦੇ ਦਰ ਤੇ, ਕਿਸੇ ਚੀਜ਼ ਦੀ ਘਾਟ ਨਹੀਂ, ਹਵਾ, ਪਾਣੀ, ਵਾਤਾਵਰਣ,ਧਰਤ, ਆਕਾਸ਼ ਸਭ ਤੱਕ, ਪਹੁੰਚ ਆਜ਼ਾਦ ਬਣਾਈ ਹੈ, ਪਰ ਤੂੰ, ਇਨ੍ਹਾਂ ਤੇ ਕਬਜ਼ਾ ਕਰਕੇ, ਹੀ ਬੈਠ ਗਿਆ ਹੈ।ਨਿਰਦਈ ਸੋਚ ਵਾਲਾ, ਬਣ ਗਿਆ ਹੈਂ। ਇਕੱਲਾ ਬੈਠ ਕੇ ਸੋਚਿਆ ਕਰ, ਵਿਚਾਰਿਆ ਕਰ, ਕਿਹੜੇ ਵਾਹਣਾਂ ਵਿੱਚ ਪਿਆ ਹੋਇਆ ਹੈਂ। ਬਾਬੇ ਨਾਨਕ ਦੀਆਂ, ਵੱਡੀਆਂ ਵੱਡੀਆਂ ਫੋਟੋਆਂ, ਟੰਗ ਕੇ, ਉਨ੍ਹਾਂ ਨੂੰ, ਧੂਫ-ਬੱਤੀ, ਕਰਨ ਲੱਗ ਪਿਆ ਹੈਂ। ਬਾਬੇ ਨਾਨਕ ਨੇ ਬੁੱਤ ਪੂਜਾ, ਮੜੀਆਂ ਮਸਾਣਾਂ ਦੀ ਪੂਜਾ ਕਰਨ ਤੋਂ ਵਰਜਿਤ ਕੀਤਾ ਹੈ।

ਬਾਬੇ ਨਾਨਕ ਦਾ ਜਨਮ, ਕੱਤਕ ਦੀ ਪੂਰਨਮਾਸ਼ੀ,1469 ਨੂੰ, ਕਲਿਆਣ ਚੰਦ ਮਹਿਤਾ ਪਟਵਾਰੀ ਤੇ ਮਾਤਾ ਤ੍ਰਿਪਤਾ ਜੀ ਦੇ, ਗ੍ਰਹਿ ਵਿਖੇ,ਨਨਕਾਣਾ ਸਾਹਿਬ ਵਿਖੇ ਹੋਇਆ। ਆਪ ਜੀ ਦਾ ਵਿਆਹ, ਬਟਾਲੇ ਦੇ ਮੂਲ ਚੰਦ ਚੌਧਰੀ ਦੀ ਧੀ, ਮਾਤਾ ਸੁਲੱਖਣੀ ਜੀ ਨਾਲ ਹੋਇਆ। ਆਪ ਦੇ ਦੋ ਪੁੱਤਰ, ਸ੍ਰੀ ਚੰਦ ਜੀ ਅਤੇ ਲਖਮੀ ਚੰਦ ਜੀ ਸਨ। ਧਾਰਮਿਕ ਜੀਵਨ ਦੇ, ਨਾਲ ਨਾਲ, ਪਰਿਵਾਰਿਕ ਜੀਵਨ, ਕਿਵੇਂ ਸੰਤੁਲਿਤ ਰੱਖਿਆ ਜਾ ਸਕਦਾ ਹੈ, ਇਸ ਦੀ ਉਦ-ਾਹਰਣ ਸਨ। ਪਰਿਵਾਰਿਕ ਜੀਵਨ ਦੇ, ਨਾਲ ਨਾਲ, ਮਨ ਨੂੰ ਨਾਮ ਨਾਲ, ਜੋੜੀ ਰੱਖਿਆ। ਮਨੁੱਖਤਾ ਨੂੰ, ਹਮੇਸ਼ਾ ਸਮਾਨਤਾ ਦਾ ਸੰਦੇਸ਼ ਦਿੱਤਾ, "ਨਾ ਕੋਈ ਹਿੰਦੂ ਨਾ ਕੋਈ ਮੁਸਲਮਾਨ"। ਬਾਬੇ ਨੇ, ਸਫਰ ਦੇ ਦੋ ਸਾਥੀ ਬਣਾਏ, ਇਕ ਹਿੰਦੂ ਭਾਈ ਬਾਲਾ, ਦੂਜਾ ਮੁਸਲਮਾਨ, ਮਰਜਾਣਾ। ਜਿਸ ਨੂੰ, ਬਾਬੇ ਬਣਾਇਆ ਮਰਦਾਨਾ। ਗੁਰਗੱਦੀ ਨਾ ਚੇਲਿਆਂ ਨੂੰ ਦਿੱਤੀ, ਨਾ ਪੁੱਤਰਾਂ ਨੂੰ ਦਿੱਤੀ, ਦਿੱਤੀ ਬਾਬੇ ਲਹਿਣੇ ਨੂੰ, ਕਿਰਤ ਕਰਨ ਵਾਲੇ ਨੂੰ, ਘੁੰਗਣੀਆਂ ਵੇਚਣ ਵਾਲੇ ਨੂੰ। ਗੁਰੂ ਨਾਨਕ ਸਾਹਿਬ ਨੇ, ਆਪਣੇ ਜੀਵਨ ਵਿੱਚ, ਪੈਦਲ ਯਾਤਰਾ, ਚਾਰ ਉਦਾਸੀਆਂ ਕੀਤੀਆਂ, ਆਪਣੇ ਦੋਨੇ ਚੇਲਿਆਂ, ਭਾਈ ਬਾਲਾ ਤੇ ਭਾਈ ਮਰਦਾਨੇ ਨਾਲ। ਪਹਿਲੀ ਉਦਾਸੀ-ਪੂਰਬੀ ਉਦਾਸੀ-ਬੰਗਾਲ, ਅਸਾਮ, ਬਿਹਾਰ, ਜਗਨਨਾਥ ਪੁਰੀ ਤੱਕ। ਦੂਸਰੀ ਉਦਾਸੀ-ਦੱਖਣੀ ਉਦਾਸੀ-ਸ੍ਰੀ




ਲੰਕਾ ਅਤੇ ਰਾਜੇ ਮਾਨ ਨਾਲ ਵਾਰਤਾਲਾਪ। ਤੀਸਰੀ ਉਦਾਸੀ-ਪੱਛਮੀ ਉਦਾਸੀ-ਮੱਕਾ ਮਦੀਨਾ ਬਗਦਾਦ। ਜਿੱਥੇ ਉਨ੍ਹਾਂ, ਸਾਬਤ ਕੀਤਾ ਪ੍ਰਮਾਤਮਾ, ਸਭ ਦਿਸ਼ਾਵਾਂ ਵਿੱਚ ਮੌਜੂਦ ਹੈ। ਚੌਥੀ ਉਦਾਸੀ-ਉੱਤਰੀ ਉਦਾਸੀ-ਕਸ਼ਮੀਰ ਅਤੇ ਤਿੱਬਤ ਵਿੱਚ, ਪਹਾੜੀ ਲੋਕਾਂ ਨੂੰ, ਸੱਚ ਦਾ ਰਾਹ ਦਿਖਾਇਆ। ਉਨ੍ਹਾਂ ਦੀ ਬਾਣੀ ਦੇ ਤਿੰਨ ਮੁੱਖ ਸੰਦੇਸ਼ ਸਨ : ਕਿਰਤ ਕਰੋ, ਨਾਮ ਜਪੋ, ਵੰਡ ਛਕੋ। ਕਿਸੇ ਤੋਂ ਖੋਹ ਕੇ ਨਾ ਖਾਓ। "ਮਾਨਸ ਕੀ ਜਾਤ ਸਭੈ ਏਕੋ ਪਹਿਚਾਨਬੋ"। ਆਪਣੇ ਜੋਤੀ ਜੋਤ ਸਮਾਉਣ ਤੋਂ, ਪਹਿਲਾਂ ਭਾਈ ਲਹਿਣਾ ਜੀ ਨੂੰ, ਗੁਰਗੱਦੀ ਸੌਂਪ ਦਿੱਤੀ, ਲਹਿਣਾ ਜੀ ਬਾਅਦ ਵਿੱਚ, ਗੁਰੂ ਅੰਗਦ ਦੇਵ ਜੀ ਅਖਵਾਏ। 22 ਸਤੰਬਰ 1539 ਨੂੰ ਗੁਰੂ ਨਾਨਕ ਦੇਵ ਜੀ ਜੋਤੀ ਜੋਤ ਸਮਾ ਗਏ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ ਫੋਨ ਨੰਬਰ :9878469639**

# 41 ਸਾਲ ਬਾਅਦ ਵੀ ਇਨਸਾਫ ਨਹੀਂ – ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ 1984 ਦੇ ਸਿੱਖ ਕਤਲੇਆਮ ਲਈ ਨਿਆਂ ਦੀ ਮੰਗ ਕੀਤੀ

**ਲੈਸਟਰ / ਲੰਡਨ – 2 ਨਵੰਬਰ 2025**

ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ 1984 ਦੇ ਸਿੱਖ ਕਤਲੇਆਮ ਨੂੰ 41 ਸਾਲ ਪੂਰੇ ਹੋਣ ‘ਤੇ ਨਿਆਂ ਦੀ ਨਵੀਂ ਤੇ ਤਾਕਤਵਰ ਮੰਗ ਕੀਤੀ ਹੈ। ਸੰਗਠਨ ਨੇ ਕਿਹਾ ਕਿ ਪੀੜਤ ਪਰਿਵਾਰਾਂ ਨੂੰ ਚਾਰ ਦਹਾਕਿਆਂ ਬਾਅਦ ਵੀ ਇਨਸਾਫ ਨਾ ਮਿਲਣਾ ਭਾਰਤੀ ਲੋਕਤੰਤਰ ਲਈ ਇਕ ਕਾਲਾ ਧੱਬਾ ਹੈ।

ਐਸੋਸੀਏਸ਼ਨ ਦੇ ਜਨਰਲ ਸਕੱਤਰ ਸੀਤਲ ਸਿੰਘ ਗਿੱਲ ਨੇ ਕਿਹਾ ਕਿ ਇਹ ਹੱਤਿਆਕਾਂਡ “ਮਾਨਵਤਾ ਦੇ ਵਿਵੇਕ ‘ਤੇ ਡੂੰਘਾ ਜ਼ਖ਼ਮ” ਹੈ ਤੇ “ਚਾਰ ਦਹਾਕਿਆਂ ਦੀ ਦੇਰੀ ਨਾਲ ਮਿਲਣ ਵਾਲਾ ਇਨਸਾਫ, ਇਨਸਾਫ ਨਹੀਂ ਰਹਿੰਦਾ।”

ਭਾਰਤ ਸਰਕਾਰ ਦੇ ਅਧਿਕਾਰਕ ਅੰਕੜਿਆਂ ਅਨੁਸਾਰ ਦੇਸ਼ ਭਰ ਵਿੱਚ 3,350 ਸਿੱਖ ਮਾਰੇ ਗਏ, ਜਿਨ੍ਹਾਂ ਵਿੱਚੋਂ ਕੇਵਲ ਦਿੱਲੀ ਵਿੱਚ 2,146 ਦੀ ਮੌਤ ਹੋਈ। ਪਰ ਸੁਤੰਤਰ ਮਨੁੱਖੀ ਅਧਿਕਾਰ ਸੰਸਥਾਵਾਂ ਦੇ ਮੁਤਾ-ਬਕ ਇਹ ਗਿਣਤੀ 8,000 ਤੋਂ 17,000 ਦੇ ਵਿਚਕਾਰ ਹੋ ਸਕਦੀ ਹੈ, ਅਤੇ ਇਹ ਹਿੰਸਾ “ਸੁਯੋਜਿਤ ਤੇ ਰਾਜਨੀਤਿਕ ਤੌਰ ‘ਤੇ ਪ੍ਰੇਰਿਤ” ਸੀ।

ਸਿੱਖ ਮਰਦਾਂ ਅਤੇ ਬੱਚਿਆਂ ਨੂੰ ਕੇਰੋਸਿਨ ਤੇ ਪੈਟਰੋਲ ਨਾਲ ਸਾੜ ਦਿੱਤਾ ਗਿਆ, ਬਹੁਤਿਆਂ ਦੇ ਗਲ਼ਾਂ ‘ਚ ਟਾਇਰ ਪਾ ਕੇ ਜਿੰਦਾ ਸਾੜਿਆ ਗਿਆ, ਸਿੱਖ ਔਰਤਾਂ ਨਾਲ ਬਲਾਤਕਾਰ ਕੀਤੇ ਗਏ, ਤੇ ਘਰ ਅਤੇ ਗੁਰਦੁਆਰੇ ਤਬਾਹ ਕਰ ਦਿੱਤੇ ਗਏ।

“41 ਸਾਲ ਬੀਤ ਗਏ, ਪਰ 1984 ਦਾ ਦਰਦ ਅੱਜ ਵੀ ਸੰਸਾਰ ਭਰ ਦੇ ਸਿੱਖਾਂ ਦੇ ਦਿਲਾਂ ‘ਚ ਜਿਉਂਦਾ ਹੈ,” ਸੀਤਲ ਸਿੰਘ ਗਿੱਲ ਨੇ ਕਿਹਾ। “ਪੀੜਤ ਪਰਿਵਾਰਾਂ ਨੂੰ ਸੱਚਾਈ ਤੇ ਇਨਸਾਫ ਦੀ ਲੋੜ ਹੈ — ਅਸੀਂ ਆਪਣੀ ਆਵਾਜ਼ ਉਸ ਸਮੇਂ ਤੱਕ ਉਠਾਉਂਦੇ ਰਹਾਂਗੇ ਜਦ ਤੱਕ ਇਨਸਾਫ ਨਹੀਂ ਮਿਲਦਾ।”

ਇੰਡੀਆਨ ਵਰਕਰਜ਼ ਐਸੋਸੀਏਸ਼ਨ (ਗ੍ਰੇਟ ਬ੍ਰਿਟੇਨ) ਨੇ ਭਾਰਤ ਸਰਕਾਰ ਤੋਂ ਮੰਗ ਕੀਤੀ ਹੈ ਕਿ ਉਹ ਜ਼ਿੰਮੇਵਾਰ ਲੋਕਾਂ ਵਿਰੁੱਧ ਕਾਰਵਾਈ ਕਰੇ ਅਤੇ ਪੀੜਤ ਪਰਿਵਾਰਾਂ ਨੂੰ ਮੁਆਵਜ਼ਾ ਤੇ ਨਿਆਂ ਦਵੇ।

ਸੰਗਠਨ ਨੇ ਬ੍ਰਿਟਿਸ਼ ਸਰਕਾਰ ਤੋਂ ਵੀ ਮੰਗ ਕੀਤੀ ਹੈ ਕਿ ਉਹ 1984 ਵਿੱਚ ਸ੍ਰੀ ਹਰਿਮੰਦਰ ਸਾਹਿਬ (ਅੰਮ੍ਰਿਤਸਰ) ‘ਤੇ ਹੋਏ ਹਮਲੇ ਦੌਰਾਨ ਬ੍ਰਿਟਿਸ਼ ਸਰਕਾਰ ਦੀ ਕਿਸੇ ਭੂਮਿਕਾ ਬਾਰੇ ਸੁਤੰਤਰ ਜਾਂਚ ਕਰਵਾਏ।“ਲੇਬਰ ਪਾਰਟੀ ਪਹਿਲਾਂ ਹੀ ਐਸੀ ਜਾਂਚ ਲਈ ਸਹਿਮਤ ਹੋਈ ਸੀ,” ਗਿੱਲ ਨੇ ਕਿਹਾ। “ਹੁਣ ਅਸੀਂ ਮੌਜੂਦਾ ਲੇਬਰ ਸਰਕਾਰ ਤੋਂ ਮੰਗ ਕਰਦੇ ਹਾਂ ਕਿ ਉਹ ਆਪਣੇ ਵਾਅਦੇ ਨੂੰ ਪੂਰਾ ਕਰੇ ਅਤੇ ਸੱਚਾਈ ਜਨਤਾ ਸਾਹਮਣੇ ਲਿਆਵੇ।”

ਮਨੁੱਖੀ ਅਧਿਕਾਰ ਸੰਸਥਾਵਾਂ, ਜਿਵੇਂ ਹਿਊਮਨ ਰਾਈਟਸ ਵਾਚ, ਨੇ ਕਿਹਾ ਹੈ ਕਿ 1984 ਦੀ ਹਿੰਸਾ ਦੇ ਦੋਸ਼ੀਆਂ ਨੂੰ ਸਜ਼ਾ ਨਾ ਮਿਲਣਾ ਭਾਰਤ ਦੇ ਇਨਸਾਫ ਪ੍ਰਣਾਲੀ ‘ਤੇ ਸਦੀਵੀ ਦਾਗ ਹੈ।“ਇਨਸਾਫ ਦੀ ਕੋਈ ਮਿਆਦ ਨਹੀਂ ਹੁੰਦੀ,” ਗਿੱਲ ਨੇ ਅੰਤ ‘ਚ ਕਿਹਾ। “ਚਾਲੀ ਸਾਲਾਂ ਤੋਂ ਉਡੀਕ ਕਰਦੇ ਪੀੜਤ ਹੁਣ ਸੱਚ ਤੇ ਹਿੰਮਤ ਦੇ ਹੱਕਦਾਰ ਹਨ।”

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com